ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 18 Issue 24 | Friday September 29 to 5 October, 2023 | Published Weekly from New York | www.PUNJABIDUNIYA.com




# ਪੁਰਾਣੇ ਡਰੱਗ ਮਾਮਲੇ ’ਚ ਸੁਖਪਾਲ ਸਿੰਘ ਖਹਿਰਾ ਗ੍ਰਿਫ਼ਤਾਰ

ਚੰਡੀਗੜ੍ਹ- ਪੰਜਾਬ ਪੁਲਿਸ ਨੇ ਅੱਜ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 2015 ਦੇ ਡਰੱਗ ਮਾਮਲੇ ’ਚ ਗ੍ਰਿਫ਼ਤਾਰ ਕਰ ਲਿਆ ਹੈ। ਇਹ ਦਾਅਵਾ ਵਿਧਾਇਕ ਦੇ ਪਰਿਵਾਰਕ ਮੈਂਬਰਾਂ ਨੇ ਕੀਤਾ ਹੈ। ਵਿਧਾਇਕ ਦੇ ਪਰਿਵਾਰ ਦੇ ਮੈਂਬਰ ਨੇ ਫੇਸਬੁੱਕ ’ਤੇ ਲਾਈਵ ਹੋ ਕੇ ਦਿਖਾਇਆ ਕਿ ਪੰਜਾਬ ਪੁਲਿਸ ਦੀ ਟੀਮ ਖਹਿਰਾ ਦੀ ਰਿਹਾਇਸ਼ ’ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਪਹੁੰਚੀ ਹੈ।

ਵੀਡੀਓ ’ਚ ਖਹਿਰਾ ਪੁਲਿਸ ਟੀਮ ਨਾਲ ਬਹਿਸ ਕਰਦੇ ਹੋਏ ਨਜ਼ਰ ਆ ਰਹੇ ਹਨ ਅਤੇ ਗ੍ਰਿਫਤਾਰੀ ਵਾਰੰਟ ਦਿਖਾਉਣ ਲਈ ਕਹਿ ਰਹੇ ਹਨ। ਵਿਧਾਇਕ ਛਾਪੇਮਾਰੀ ਟੀਮ ਵਿੱਚ ਸ਼ਾਮਲ ਪੁਲਿਸ ਅਧਿਕਾਰੀਆਂ ਦੀ ਪਛਾਣ ਵੀ ਪੁੱਛ ਰਹੇ ਹਨ, ਜਦੋਂ ਖਹਿਰਾ ਨੇ ਪੁਲਿਸ ਟੀਮ ਨੂੰ ਪੁੱਛਿਆ ਕਿ ਉਸ ਨੂੰ ਕਿੱਥੇ ਲਿਜਾਇਆ ਜਾ ਰਿਹਾ ਹੈ ਤਾਂ ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਫਾਜ਼ਿਲਕਾ ਦੇ ਜਲਾਲਾਬਾਦ ਲਿਜਾਇਆ ਜਾ ਰਿਹਾ ਹੈ।

ਇਸ ਦੌਰਾਨ ਸੁਖਪਾਲ ਖਹਿਰਾ ਨੇ ਕਿਹਾ ਕਿ ਮੇਰੇ ਉੱਤੇ ਸਿਰਫ਼ ਕਾਲ ਰਿਕਾਰਡ ਦੇ ਆਧਾਰ ਉੱਤੇ ਐੱਨ. ਡੀ. ਪੀ. ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੈਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲੀ ਹੋਈ ਹੈ ਫਿਰ ਵੀ ਜੇ ਵਿਸ਼ੇਸ਼ ਜਾਂਚ ਟੀਮ ਮੈਨੂੰ ਨੋਟਿਸ ਭੇਜਦੀ ਤਾਂ ਮੈਂ ਆਪ ਉਨ੍ਹਾਂ ਕੋਲ ਚਲਾ ਜਾਂਦਾ। ਖਹਿਰਾ ਨੇ ਕਿਹਾ ਕਿ ਇਹ ਕਾਰਵਾਈ ਬਦਲਾਖੋਰੀ ਤਹਿਤ ਕੀਤੀ ਗਈ ਹੈ।

ਸੁਖਪਾਲ ਖਹਿਰਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐੱਨ. ਡੀ. ਪੀ. ਐੱਸ. ਐਕਟ ਤਹਿਤ 2015 ਵਿੱਚ ਇਕ ਐੱਫ. ਆਰ. ਆਈ. ਦਰਜ ਹੋਈ ਸੀ। ਇਸ ਮਾਮਲੇ ਵਿੱਚ ਮੇਰੇ ਹਲਕੇ ਦੇ ਇਕ ਵਿਅਕਤੀ ਗੁਰਦੇਵ ਸਿੰਘ ਦਾ ਨਾਂ ਵੀ ਸ਼ਾਮਲ ਸੀ। ਗੁਰਦੇਵ ਸਿੰਘ ਮੈਨੂੰ ਫੋਨ ਕਾਲ ਕਰਦਾ ਹੁੰਦਾ ਸੀ ਤੇ ਮੈਂ ਉਸ ਨੂੰ ਫੋਨ ਕਰਨ ਤੋਂ ਇਨਕਾਰ ਵੀ ਕੀਤਾ ਸੀ।

ਮੈਂ ਜਨਤਾ ਦਾ ਚੁਣਿਆ ਹੋਇਆ ਨੁਮਾਇੰਦਾ ਸੀ ਅਤੇ ਹਾਂ ਇਸ ਕਰਕੇ ਫੋਨ ਚੁੱਕਣਾ ਮੇਰਾ ਫਰਜ਼ ਵੀ ਸੀ। ਸਿਰਫ ਇਸ ਫੋਨ ਕਾਲ ਦੇ ਆਧਾਰ ’ਤੇ ਮੈਨੂੰ ਇਸ ਮਾਮਲੇ ਵਿੱਚ ਪਹਿਲਾਂ ਬਾਦਲ ਸਰਕਾਰ ਨੇ ਫਸਾਉਣ ਦੀ ਕੋਸ਼ਿਸ਼ ਕੀਤੀ ਤੇ ਫਿਰ



ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਕੋਰਟ ’ਚੋਂ ਮੈਨੂੰ ਤਲਬ ਕਰਵਾਇਆ ਗਿਆ। ਹੁਣ ਮੌਜੂਦਾ ਸਰਕਾਰ ਵੀ ਉਸੇ ਰਾਹਾਂ ’ਤੇ ਚੱਲ ਪਈ ਹੈ।

ਸੁਖਪਾਲ ਖਹਿਰਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ 2017 ਵਿੱਚ ਫਾਜ਼ਿਲਕਾ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਜਾਰੀ ਸੰਮਨ ਸਟੇਅ ਕਰ ਦਿੱਤੇ ਸਨ ਅਤੇ ਬਾਅਦ ਵਿੱਚ ਇਸ ਐੱਫ. ਆਰ. ਆਈ. ਨੂੰ ਰੱਦ ਕਰਨ ਦਾ ਹੁਕਮ ਕੀਤਾ ਸੀ। ਮੈਂ ਇਸ ਮਾਮਲੇ ਨੂੰ ਰੱਦ ਕਰਨ ਲਈ ਹਾਈਕੋਰਟ ਵੀ ਅਰਜ਼ੀ ਦਾਖ਼ਲ ਕੀਤੀ ਹੈ ਜਿਸਦੀ ਸੁਣਵਾਈ 6 ਅਕਤੂਬਰ ਨੂੰ ਹੋਣੀ ਹੈ। ਹੁਣ ਇਸੇ ਮਾਮਲੇ ’ਚ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਜਾਣੋ ਕੀ ਹੈ ਮਾਮਲਾ ?

ਸਾਲ 2015 ਵਿੱਚ ਜਲਾਲਾਬਾਦ ਪੁਲਿਸ ਨੇ ਮਾਰਕੀਟ ਕਮੇਟੀ ਢਿੱਲਵਾਂ ਦੇ ਸਾਬਕਾ ਚੇਅਰਮੈਨ ਗੁਰਦੇਵ ਸਿੰਘ ਸਮੇਤ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਦੇ ਕਬਜ਼ੇ ’ਚੋਂ 1 ਕਿਲੋ ਤੋਂ ਵਧੇਰੇ ਹੈਰੋਇਨ, ਸੋਨੇ ਦੇ ਬਿਸਕੁਟ, ਇੱਕ ਦੇਸੀ .315 ਬੋਰ ਦਾ ਪਿਸਤੌਲ, ਦੋ ਪਾਕਿਸਤਾਨੀ ਸਿਮ ਕਾਰਡ ਅਤੇ ਇੱਕ ਟਾਟਾ ਸਫਾਰੀ ਕਾਰ ਬਰਾਮਦ ਹੋਈ ਹੈ। ਇਸ ਮਾਮਲੇ ਵਿੱਚ ਖਹਿਰਾ ਦਾ ਨਾਂ ਸਾਬਕਾ ਚੇਅਰਮੈਨ ਗੁਰਦੇਵ ਸਿੰਘ ਨਾਲ ਕਥਿਤ ਸਬੰਧਾਂ ਕਾਰਨ ਸਾਹਮਣੇ ਆਇਆ ਸੀ। ਖਹਿਰਾ ਦੇ ਨਾਲ-ਨਾਲ ਨਿੱਜੀ ਸੁਰੱਖਿਆ ਅਧਿਕਾਰੀ, ਨਿੱਜੀ ਸਹਾਇਕ , ਯੂਕੇ ਨਿਵਾਸੀ ਚਰਨਜੀਤ ਕੌਰ ਅਤੇ ਮੇਜਰ ਸਿੰਘ ਬਾਜਵਾ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ ਵਿੱਚ 31 ਅਕਤੂਬਰ 2017 ਨੂੰ ਫਾਜ਼ਿਲਕਾ ਅਦਾਲਤ ਨੇ ਨੌਂ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਸੀ, ਜਿਨ੍ਹਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

ਮੁੜ ਕਾਰਵਾਈ ਕਿਉਂ ?

ਹਾਲਾਂਕਿ 2015 ’ਚ ਖਹਿਰਾ ਨੂੰ ਸੁਪਰੀਮ ਕੋਰਟ ਨੇ ਰਾਹਤ ਦੇ ਦਿੱਤੀ ਸੀ। ਸੁਪਰੀਮ ਕੋਰਟ ਨੇ 2015 ਦੇ ਡਰੱਗਜ਼ ਜ਼ਬਤੀ ਕੇਸ ਵਿੱਚ ਫਾਜ਼ਿਲਕਾ ਦੀ ਇੱਕ ਅਦਾਲਤ ਵੱਲੋਂ ਖਹਿਰਾ ਵਿਰੁੱਧ ਸੰਮਨ ਜਾਰੀ ਕਰਨ ਦੇ ਹੁਕਮ ਨੂੰ ਰੱਦ ਕਰ ਦਿੱਤਾ ਸੀ ਪਰ ਜਲਾਲਾਬਾਦ ਪੁਲਿਸ ਮੁਤਾਬਕ ਉਨ੍ਹਾਂ ਨੂੰ ਖਹਿਰਾ ਖ਼ਿਲਾਫ਼ ਸਬੂਤ ਮਿਲ ਗਏ ਹਨ ਜਿਸ ਕਾਰਨ ਹੁਣ ਉਨ੍ਹਾਂ ’ਤੇ ਕਾਰਵਾਈ ਕੀਤੀ ਜਾਵੇਗੀ। ਖਹਿਰਾ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਹੁਣ ਅਦਾਲਤ ’ਚ ਪੇਸ਼ ਕੀਤਾ ਜਾਵੇਗਾ।

## ਖਹਿਰਾ ਦੀ ਗ੍ਰਿਫ਼ਤਾਰੀ ਖ਼ਿਲਾਫ਼ ਰਾਜਪਾਲ ਕੋਲ ਪੁੱਜੇ ਕਾਂਗਰਸੀ

ਚੰਡੀਗੜ੍ਹ,- ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਆਗੂਆਂ ਦਾ ਇੱਕ ਵਫ਼ਦ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੀ ਰਿਹਾਇਸ਼ ’ਤੇ ਪੁੱਜਿਆ। ਰਾਜਪਾਲ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਨੇ ਰਾਜਪਾਲ ਨੂੰ ਸਵੇਰੇ 6.30 ਵਜੇ ਸੁਖਪਾਲ ਸਿੰਘ ਨਾਲ ਵਾਪਰੀ ਘਟਨਾ ਬਾਰੇ ਪੂਰੀ ਜਾਣਕਾਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜੰਗਲ ਰਾਜ ਬਣ ਗਿਆ ਹੈ। ਸੁਖਪਾਲ ਖਹਿਰਾ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ ਹੈ। ਸੁਖਪਾਲ ਸਿੰਘ ਖਹਿਰਾ 8 ਸਾਲ ਪੁਰਾਣੇ ਕੇਸ ਵਿੱਚ ਉਲਝੇ ਹੋਏ ਹਨ ਅਤੇ ਬਿਨਾਂ ਕਿਸੇ ਤੱਥ ਦੇ ਗ੍ਰਿਫ਼ਤਾਰ ਕੀਤੇ ਗਏ ਹਨ। ਸੁਖਪਾਲ ਸਿੰਘ ਖਹਿਰਾ ਖਿਲਾਫ ਕੇਸ ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ, ਹੁਣ ਵਿਸ਼ੇਸ਼ ਜਾਂਚ ਟੀਮ ਬਣਾ ਕੇ ਸੁਖਪਾਲ ਖਹਿਰਾ ਨੂੰ ਸ਼ਾਮਲ ਕਰ ਲਿਆ ਹੈ। ਐਸ.ਆਈ.ਟੀ ਨੇ ਸੁਖਪਾਲ ਸਿੰਘ ਖਹਿਰਾ ਨੂੰ ਬਿਨ੍ਹਾਂ ਪੁੱਛਗਿੱਛ ਜਾਂ ਸੰਮਨ ਕੀਤੇ ਉਨ੍ਹਾਂ ਖਿਲਾਫ ਮਾਮਲਾ ਦਰਜ ਕਰ ਲਿਆ। ਰਾਜਾ ਵੜਿੰਗ ਨੇ ਕਿਹਾ ਕਿ ਜਦੋਂ ਪੁਲਿਸ ਸਵੇਰੇ ਤੜਕੇ ਖਹਿਰਾ ਦੇ ਘਰ ਪਹੁੰਚੀ ਤਾਂ ਇੰਝ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਬਹੁਤ ਵੱਡੇ ਅਪਰਾਧੀ ਨੂੰ ਗ੍ਰਿਫ਼ਤਾਰ ਕਰਨ ਆਈ ਹੋਵੇ। ਉਨ੍ਹਾਂ ਦੋਸ਼ ਲਾਏ ਕਿ ਪੁਲਿਸ ਨੇ ਬਿਨਾਂ ਵਾਰੰਟ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਚੁੱਪ ਨਹੀਂ ਬੈਠਾਂਗੇ।

## ਅਮਰੀਕੀ ਅਖ਼ਬਾਰ ਨੂੰ ਨਿੱਝਰ ਦੇ ਕਤਲ ਨਾਲ ਸਬੰਧਤ ਵੀਡੀਓ ਮਿਲਣ ਦੀ ਗੁਰਦੁਆਰੇ ਵੱਲੋਂ ਜਾਂਚ ਸ਼ੁਰੂ

ਵਾਸ਼ਿੰਗਟਨ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਨੇ ਇਸ ਗੱਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਅਮਰੀਕੀ ਅਖ਼ਬਾਰ ‘ਵਾਸ਼ਿੰਗਟਨ ਪੋਸਟ’ ਨੇ ਨਿੱਝਰ ਦੇ ਕਤਲ ਨਾਲ ਸਬੰਧਤ ਸੁਰੱਖਿਆ ਕੈਮਰੇ ਦੀ ਫੁਟੇਜ ਕਿਵੇਂ ਹਾਸਲ ਕੀਤੀ। ਨਿੱਝਰ ਦੀ ਜੂਨ ਵਿੱਚ ਇਸੇ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗੁਰਦੁਆਰੇ ਦੇ ਬੁਲਾਰੇ ਗੁਰਕੀਰਤ ਸਿੰਘ ਨੇ ਕੈਨੇਡਾ ਦੀ ਨੈਸ਼ਨਲ ਨਿਊਜ਼ ਏਜੰਸੀ ‘ਦਿ ਕੈਨੇਡੀਅਨ ਪ੍ਰੈਸ’ ਨੂੰ ਦੱਸਿਆ, ‘ਸਾਨੂੰ ਦੱਸਿਆ ਗਿਆ ਹੈ ਕਿ ਵੀਡੀਓ ਮੀਡੀਆ ਜਾਂ ਜਨਤਾ ਲਈ ਨਹੀਂ ਹੈ, ਕਿਉਂਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਵੀਡੀਓ ਕਿਸੇ ਨੂੰ ਵੀ ਜਾਰੀ ਨਹੀਂ ਕੀਤੀ ਜਾਵੇਗੀ, ਕਿਉਂਕਿ ਮਾਮਲੇ ਦੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਉਹ ਕਈ ਵਾਰ ਵੀਡੀਓ ਦੇਖ ਚੁੱਕੇ ਹਨ। ਉਨ੍ਹਾਂ ਕਿਹਾ, ‘ਇਹ ਕੋਈ ਅਚਾਨਕ ਹੋਈ ਵਾਰਦਾਤ ਨਹੀਂ ਹੈ। ਉਹ ਪਿਛਲੇ ਕੁਝ ਸਮੇਂ ਤੋਂ ਹਰਦੀਪ ਸਿੰਘ ਨਿੱਝਰ ਦੀਆਂ ਹਰਕਤਾਂ ’ਤੇ ਨਜ਼ਰ ਰੱਖ ਰਹੇ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਉਹ ਕਿੱਥੋਂ ਗੁਰਦੁਆਰੇ ’ਚ ਦਾਖਲ ਹੁੰਦਾ ਹੈ ਤੇ ਕਿਥੋਂ ਬਾਹਰ ਆਉਂਦਾ ਹੈ।’ ਨਿੱਝਰ ਦੇ ਪੁੱਤਰ ਬਲਰਾਜ ਨੇ ਸਥਾਨਕ ਅਖਬਾਰ ਨੂੰ ਦੱਸਿਆ ਕਿ ਉਸ ਦੇ ਪਿਤਾ ਦੀ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ ਦੇ ਅਧਿਕਾਰੀਆਂ ਨਾਲ ‘ਹਫ਼ਤੇ ਵਿਚ ਇਕ ਜਾਂ ਦੋ ਵਾਰ’ ਮੀਟਿੰਗ ਹੁੰਦੀ ਸੀ। 18 ਜੂਨ ਨੂੰ ਕਤਲ ਤੋਂ ਇਕ ਜਾਂ ਦੋ ਦਨਿ ਪਹਿਲਾਂ ਮੀਟਿੰਗ ਹੋਈ ਸੀ ਤੇ ਦੋ ਦਿਨ ਬਾਅਦ ਉਨ੍ਹਾਂ ਵਿਚਕਾਰ ਇਕ ਹੋਰ ਮੀਟਿੰਗ ਹੋਣੀ ਸੀ।



## ਮੈਂ ‘ਇੰਡੀਆ’ ਗਠਜੋੜ ਦੇ ਨਾਲ ਪਰ ਨਸ਼ੇ ਦੇ ਕਾਰੋਬਾਰੀ ਬਖ਼ਸ਼ੇ ਨਹੀਂ ਜਾਣਗੇ: ਕੇਜਰੀਵਾਲ

ਨਵੀਂ ਦਿੱਲੀ- ਜਦੋਂ ਪੱਤਰਕਾਰਾਂ ਨੇ ਸ਼ੁੱਕਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿੱਚ ਇੱਕ ਕਾਂਗਰਸੀ ਆਗੂ ਦੀ ਗ੍ਰਿਫ਼ਤਾਰੀ ਅਤੇ ‘ਇੰਡੀਆ’ ਗਠਜੋੜ ਤੋਂ ਵੱਖ ਹੋਣ ਦੀ ਚਰਚਾ ਬਾਰੇ ਪੁੱਛਿਆ ਤਾਂ ਕੇਜਰੀਵਾਲ ਨੇ ਸਾਫ਼ ਇਨਕਾਰ ਕਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਇੰਡੀਆ ਅਲਾਇੰਸ ਦੇ ਨਾਲ ਹਨ ਪਰ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਅਸੀਂ ਗਠਜੋੜ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਅਸੀਂ ਕਿਸੇ ਵੀ ਹਾਲਤ ਵਿੱਚ ਇਸ ਤੋਂ ਪਿੱਛੇ ਨਹੀਂ ਹਟਾਂਗੇ। ਮੈਨੂੰ ਪਤਾ ਲੱਗਾ ਹੈ ਕਿ ਕੱਲ੍ਹ ਪੰਜਾਬ ਪੁਲਿਸ ਨੇ ਕੁਝ ਕਾਂਗਰਸੀ ਆਗੂਆਂ ਨੂੰ ਗ੍ਰਿਫਤਾਰ ਕੀਤਾ ਹੈ। ਮੇਰੇ ਕੋਲ ਇਸ ਦਾ ਵੇਰਵਾ ਨਹੀਂ ਹੈ, ਇਸ ਬਾਰੇ ਸਿਰਫ਼ ਪੰਜਾਬ ਪੁਲਿਸ ਹੀ ਦੱਸੇਗੀ। ਪਰ ਅਸੀਂ ਨਸ਼ਿਆਂ ਵਿਰੁੱਧ ਜੰਗ ਛੇੜੀ ਹੋਈ ਹੈ। ਮੈਂ ਕਿਸੇ ਵਿਸ਼ੇਸ਼ ਮਾਮਲੇ ਜਾਂ ਵਿਅਕਤੀ ਬਾਰੇ ਟਿੱਪਣੀ ਨਹੀਂ ਕਰਨਾ ਚਾਹੁੰਦਾ ਪਰ ਅਸੀਂ ਨਸ਼ੇ ਦੇ ਖਾਤਮੇ ਲਈ ਵਚਨਬੱਧ ਹਾਂ। ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਕੋਈ ਵੀ, ਭਾਵੇਂ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਬਖਸ਼ਿਆ ਨਹੀਂ ਜਾਵੇਗਾ।





# ਚੀਨੀ ਲੋਕ ਬਣਾ ਰਹੇ ਭਾਰਤੀ ਆਧਾਰ ਕਾਰਡ, ਤੀਰਥ ਯਾਤਰਾ ਦੇ ਨਾਂ ’ਤੇ ਔਰਤਾਂ ਕਰ ਰਹੀਆਂ ਸੋਨੇ ਦੀ ਸਮੱਗਲਿੰਗ



ਨਵੀਂ ਦਿੱਲੀ : ਭਾਰਤ ’ਚ ਸੋਨੇ ਦੀ ਤਸਕਰੀ ਦਾ ਇੱਕ ਨਵਾਂ ਤਿਕੋਣ ਬਣ ਰਿਹਾ ਹੈ। ਦੁਬਈ, ਹੌਂਗਕੌਂਗ ਅਤੇ ਕਾਠਮੰਡੂ ਰਾਹੀਂ ਭਾਰਤ ਵਿੱਚ ਸੋਨੇ ਦੀ ਤਸਕਰੀ ਕੀਤੀ ਜਾ ਰਹੀ ਹੈ। ਚੀਨੀ ਤਸਕਰ ਇਸ ਵਿੱਚ ਸਭ ਤੋਂ ਵੱਧ ਸਰਗਰਮ ਹਨ। ਇਸ ਤੋਂ ਵੀ ਚਿੰਤਾ ਵਾਲੀ ਗੱਲ ਇਹ ਹੈ ਕਿ ਨੇਪਾਲ ਤੋਂ ਭਾਰਤ ਵਿੱਚ 61 ਕਿਲੋ ਸੋਨੇ ਦੀ ਤਸਕਰੀ ਕਰਦੇ ਫੜੇ ਗਏ 6 ਚੀਨੀ ਵਿਅਕਤੀਆਂ ਕੋਲ ਭਾਰਤੀ ਆਧਾਰ ਕਾਰਡ ਪਾਏ ਗਏ ਹਨ। ਇਹ ਤਸਕਰ ਭਾਰਤ ਵਿੱਚ ਸੋਨੇ ਦੀ ਡਿਲਿਵਰੀ ਵੀ ਕਰਦੇ ਸਨ। ਇਸ ਦੇ ਲਈ ਉਸ ਨੇ ਆਪਣੇ ਆਪ ਨੂੰ ਨੇਪਾਲੀ ਘੋਸ਼ਿਤ ਕਰਨ ਲਈ ਇੱਥੋਂ ਦੀ ਨਾਗਰਿਕਤਾ ਦੇ ਦਸਤਾਵੇਜ਼ ਵੀ ਤਿਆਰ ਕੀਤੇ ਸਨ। ਅਸਲ ਵਿੱਚ ਭਾਰਤ ਵਿੱਚ ਸੋਨੇ ਦੀ ਤਸਕਰੀ ਲਈ ਨੇਪਾਲ ਸਿਰਫ਼ ਇੱਕ ਆਵਾਜਾਈ ਰਸਤਾ ਹੈ। ਇਹ ਤਿੰਨ ਤਰੀਕਿਆਂ ਨਾਲ ਚਲਾਇਆ ਜਾਂਦਾ ਹੈ। ਪਹਿਲਾ ਦੁਬਈ ਤੋਂ ਏਅਰ ਰੂਟ ਅਤੇ ਹੌਂਗਕੌਂਗ ਤੋਂ ਮੋਟਰਸਾਇਕਲ ਪੁਰਜਿਆਂ ਵਿੱਚ ਲੁਕਾ ਕੇ ਸੋਨਾ ਨੇਪਾਲ ਪਹੁੰਚਦਾ ਹੈ ਦੂਜਾ ਕਲੈਕਟਰ ਕਹਾਉਣ ਵਾਲੇ ਚੀਨੀ ਤਸਕਰ ਇਸਨੂੰ ਨੇਪਾਲ ਵਿੱਚੋਂ ਲੈ ਲੈਂਦੇ ਹਨ। ਤੀਜਾ ਹੈਂਡਲਰ ਜੋ ਬੌਰਡਰ ਤੋਂ ਸੋਨਾ ਭਾਰਤ ਲੈ ਜਾਂਦੇ ਹਨ। ਤਸਕਰੀ ਵਿੱਚ ਸਿਰਫ਼ ਚੀਨੀ ਹੈਂਡਲਰ ਹੀ ਸਰਗਰਮ ਹੋ ਰਹੇ ਹਨ। ਜੇਕਰ ਬਾਰਡਰ ’ਤੇ ਕੋਈ ਚੈਕਿੰਗ ਹੁੰਦੀ ਹੈ ਤਾਂ ਉਹ ਕਦੇ ਨੇਪਾਲੀ ਦੱਸ ਕੇ ਜਾਂ ਫ਼ਿਰ ਆਧਾਰ ਕਾਰਡ ਦਿਖਾ ਕੇ ਬਚ ਜਾਂਦੇ ਹਨ।

ਅਧਿਕਾਰੀ ਇੱਕ 88 ਕਿਲੋ ਤੱਕ ਦਾ ਸੋਨਾ ਫ਼ੜਨ ’ਚ ਸਫ਼ਲ ਰਹੇ ਹਨ। ਹਾਲਾਂਕਿ, ਇਹ ਪੂਰੇ ਕਾਰੋਬਾਰ ਦਾ ਬਹੁਤ ਛੋਟਾ ਹਿੱਸਾ ਹੈ। ਇੱਕ ਵਿੱਤੀ ਸਾਲ ਵਿੱਚ ਹੀ ਦੋ ਕੁਇੰਟਲ ਸੋਨਾ ਜ਼ਬਤ ਕੀਤਾ ਜਾਂਦਾ ਹੈ। ਇਸ ਤੋਂ ਇਹ ਸਮਝਣਾ ਆਸਾਨ ਹੈ ਕਿ ਹਰ ਸਾਲ ਹਜ਼ਾਰਾਂ ਕਿਲੋ ਸੋਨਾ ਨੇਪਾਲ ਤੋਂ ਤਸਕਰੀ ਰਾਹੀਂ ਭਾਰਤ ਵਿੱਚ ਲਿਆਂਦਾ ਜਾ ਰਿਹਾ ਹੈ। ਦੁਬਈ ਅਤੇ ਹੌਂਗਕੌਂਗ ਤੋਂ ਆਉਣ ਵਾਲੇ ਇਸ ਸੋਨੇ ਨੂੰ ਨੇਪਾਲ ਦੇ ਬਾਜ਼ਾਰ ’ਚ ਐਂਟਰੀ ਨਹੀਂ ਮਿਲਦੀ ਪਰ ਇਸ ਕਾਰਨ ਇੱਥੇ ਕਰੰਸੀ ਦੀ ਕੀਮਤ ਜ਼ਰੂਰ ਵਧ ਗਈ ਹੈ।ਇਸ ਕਾਰਨ ਇੱਥੇ ਮੁਦਰਾ ਦੀ ਕੀਮਤ ਯਕੀਨੀ ਤੌਰ ’ਤੇ ਵਧੀ ਹੈ। 100 ਭਾਰਤੀ ਰੁਪਏ ਤੇ ਨੇਪਾਲੀ ਰੁਪਏ ਦੀ ਤੈਅ ਵਟਾਂਦਰਾ ਦਰ 160 ਹੈ। ਭਾਰਤ ਵਿੱਚ ਸੋਨੇ ਦੀ ਭਾਰੀ ਮੰਗ ਕਾਰਨ 100 ਨੇਪਾਲੀ ਰੁਪਏ ਦੀ ਕੀਮਤ 155 ਭਾਰਤੀ ਰੁਪਏ ਹੋ ਜਾਂਦੀ ਹੈ। ਸਰਹੱਦੀ ਵਪਾਰੀਆਂ ਨੇ ਵੀ ਵਟਾਂਦਰਾ ਦਰਾਂ ਵਿੱਚ ਅਜਿਹਾ ਫ਼ਰਕ ਪਹਿਲੀ ਵਾਰ ਦੇਖਿਆ ਹੈ।

ਮਸ਼ਹੂਰ ਪਸ਼ੂਪਤੀਨਾਥ ਮੰਦਰ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂ ਵੀ ਇਸ ਤਸਕਰੀ ਦੇ ਜਾਲ ਵਿੱਚ ਸ਼ਾਮਲ ਹੋ ਗਏ ਹਨ। ਨੇਪਾਲ ਪੁਲੀਸ ਮੁਤਾਬਕ ਭਾਰਤੀ ਨਾਗਰਿਕਾਂ ਖਾਸਕਰ ਔਰਤਾਂ ਨੂੰ ਤਸਕਰੀ ਲਈ ਥਾਮੇਲ ਦੇ ਹੋਟਲਾਂ ਵਿੱਚ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਮੁਫ਼ਤ ਤੀਰਥ ਯਾਤਰਾ ਦਾ ਲਾਲਚ ਦੇ ਕੇ ਲਿਆਂਦਾ ਜਾਂਦਾ ਹੈ। ਪੂਜਾ ਤੋਂ ਬਾਅਦ, ਕਚੋਰਾ (ਸੋਨੇ ਦਾ ਕਟੋਰਾ) ਅਤੇ ਅੰਖੋਰਾ (ਪਾਣੀ ਦਾ ਭਾਂਡਾ) ਤੋਹਫ਼ੇ ਵਜੋਂ ਦਿੱਤਾ ਜਾਂਦਾ ਹੈ। ਸੋਨੇ ਦੇ ਬਣੇ ਇਨ੍ਹਾਂ ਭਾਂਡਿਆਂ ’ਤੇ ਕਾਂਸੀ ਅਤੇ ਤਾਂਬੇ ਦੇ ਪਾਣੀ ਨਾਲ ਲਿਪਿਆ ਜਾਂਦਾ ਹੈ, ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ।

# 7ਵੀਂ ਜਮਾਤ ਦੀ ਵਿੱਦਿਆਰਥਣ ਨੇ 11 ਸਾਲ ਦੀ ਉਮਰ ’ਚ ਖੋਲ੍ਹੀਆਂ 7 ਲਾਇਬ੍ਰੇਰੀਆਂ, ਪੀ. ਐੱਮ. ਮੋਦੀ ਨੇ ਕੀਤੀ ਤਾਰੀਫ਼





ਹੈਦਰਾਬਾਦ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ‘ਮਨ ਕੀ ਬਾਤ’ ਪ੍ਰੋਗਰਾਮ ਵਿੱਚ ਤੇਲੰਗਾਨਾ ਦੀ ਬੇਗਮਪੇਟ ਸਥਿਤ ਹੈਦਰਾਬਾਦ ਪਬਲਿਕ ਸਕੂਲ ਦੀ 7ਵੀਂ ਜਮਾਤ ਦੀ ਵਿਦਿਆਰਥਣ 11 ਸਾਲਾ ਆਕਸ਼ਣਾ ਸਤੀਸ਼ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।ਆਕਸ਼ਣਾ ਸਤੀਸ਼ ਨੇ ਆਪਣੇ ਦਮ ’ਤੇ 7 ਲਾਇਬ੍ਰੇਰੀਆਂ ਖੋਲ੍ਹੀਆਂ ਹਨ। ਇਸ ਨੇ ਗੁਆਂਢੀਆਂ, ਸਹਿਪਾਠੀਆਂ ਅਤੇ ਆਪਣੇ ਰਿਸ਼ਤੇਦਾਰਾਂ ਤੋਂ ਕਿਤਾਬਾਂ ਇਕੱਠੀਆਂ ਕਰਨੀਆਂ ਸ਼ੁਰੂ ਕੀਤੀਆਂ। ਉਹ 5800 ਪੁਰਾਣੀਆਂ ਕਿਤਾਬਾਂ ਇਕੱਠੀਆਂ ਕਰਨ ਵਿੱਚ ਸਮਰੱਥ ਹੈ, ਜਿਸ ਦੀ ਵਰਤੋਂ ਉਸ ਨੇ ਹੈਦਰਾਬਾਦ ’ਚ 7 ਲਾਇਬ੍ਰੇਰੀਆਂ ਖੋਲ੍ਹਣ ਲਈ ਕੀਤੀ ਹੈ।ਹੈਦਰਾਬਾਦ ਪਬਲਿਕ ਸਕੂਲ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਆਕਸ਼ਣਾ ਦੀ ਅਨੋਖੀ ਪਹਿਲ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੱਚਿਆਂ ਦੇ ਭਵਿੱਖ ਨੂੰ ਆਕਾਰ ਦੇਣ ਲਈ ਆਕਸ਼ਣਾ ਦਾ ਕੰਮ ਕਈ ਲੋਕਾਂ ਲਈ ਪ੍ਰੇਰਣਾਦਾਇਕ ਹੈ। ਸਾਲ 2021 ’ਚ ਅਕਸ਼ਰਣਾ ਨੇ ਐੱਮ. ਐੱਨ. ਜੇ. ਕੈਂਸਰ ਚਿਲਡਰਨ ਹਸਪਤਾਲ ਦਾ ਦੌਰਾ ਕੀਤਾ। ਇਹ ਤਾਲਾਬੰਦੀ ਦਾ ਦੌਰ ਸੀ। ਅਕਸ਼ਰਣਾ ਆਪਣੇ ਮਾਤਾ-ਪਿਤਾ ਨਾਲ ਉੱਥੇ ਲੋੜਵੰਦ ਬੱਚਿਆਂ ਲਈ ਖਾਣਾ ਲੈ ਕੇ ਜਾਂਦੀ ਸੀ। ਇਕ ਦਿਨ ਅਕਰਸ਼ਣਾ ਆਪਣੇ ਨਾਲ ਕੁੱਝ ਕਿਤਾਬਾਂ ਲੈ ਗਈ। ਬੱਚੇ ਕਿਤਾਬਾਂ ਬਾਰੇ ਪੁੱਛਣ ਲੱਗੇ। ਇੱਥੋਂ ਹੀ ਇਸ ਸਫ਼ਰ ਦੀ ਸ਼ੁਰੂਆਤ ਹੋਈ।ਆਕਸ਼ਣਾ ਨੇ ਆਪਣੇ ਸਕੂਲ ਅਤੇ ਅਪਾਰਟਮੈਂਟ ਦੇ ਲੋਕਾਂ ਤੋਂ ਆਪਣੀਆਂ ਪੁਰਾਣੀਆਂ ਕਿਤਾਬਾਂ ਨੂੰ ਚੰਗੀ ਹਾਲਤ ਵਿੱਚ ਰੱਖਣ ਲਈ ਕਿਹਾ। 2021 ’ਚ ਹੀ ਆਕਸ਼ਣਾ ਦੀ ਇਸ ਪਹਿਲ ਦੀ ਪ੍ਰਧਾਨ ਮੰਤਰੀ ਮੋਦੀ ਨੇ ਤਾਰੀਫ਼ ਕੀਤੀ ਸੀ। ਪ੍ਰਧਾਨ ਮੰਤਰੀ ਨੇ ਉਦੋਂ ਆਕਸ਼ਣਾ ਨੂੰ ਪ੍ਰਸ਼ੰਸਾ ਪੱਤਰ ਭੇਜਿਆ ਸੀ। ਜਿਸ ਨਾਲ ਆਕਸ਼ਣਾ ਨੂੰ ਸਮਾਜ ਲਈ ਹੋਰ ਵਧੇਰੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਪੱਤਰ ਵਿੱਚ ਸਕਾਰਾਤਮਕਾ ਅਤੇ ਸਫ਼ਲਤਾ ਨਾਲ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਕਿਹਾ।






# ਖਾੜਕੂ-ਗੈਂਗਸਟਰ ਗਠਜੋੜ ਦਾ ਨਤੀਜਾ ਸੁੱਖਾ ਦੁੱਨੇਕੇ ਦਾ ਕਤਲ ਹੈ ਨਿੱਝਰ ਨਾਲ ਜੁੜੀਆਂ ਤਾਰਾਂ





ਚੰਡੀਗੜ੍ਹ : ਕੈਨੇਡਾ 'ਚ ਮਾਰੇ ਗਏ ਗੈਂਗਸਟਰ ਸੁੱਖਦੂਲ ਸਿੰਘ ਉਰਫ਼ ਸੁੱਖਾ ਦੁੱਨੇਕੇ ਦੇ ਕਤਲ ਨੂੰ ਲੈ ਕੇ ਨਵਾਂ ਖ਼ੁਲਾਸਾ ਹੋਇਆ ਹੈ। ਦੂਨੀਕੇ ਦੀ ਮੌਤ ਦੇ ਧਾਗੇ ਖ਼ਾਲਿਸਤਾਨੀ ਸਮਰਥੱਕ ਅਤੇ ਹਾਲ ਹੀ ਵਿੱਚ ਮਾਰੇ ਗਏ ਖਾੜਕੂ ਹਰਦੀਪ ਸਿੰਘ ਨਿੱਝਰ ਨਾਲ ਜੁੜੇ ਹੋਏ ਹਨ। ਕੈਨੇਡੀਅਨ ਏਜੰਸੀਆਂ ਮੁਤਾਬਕ ਡੂਨੀਕੇ ਦੀ ਮੌਤ ਦਾ ਕਾਰਨ ਖਾੜਕੂ-ਗੈਂਗਸਟਰ ਗਠਜੋੜ ਦਾ ਨਤੀਜਾ ਹੈ। ਇਹ ਆਪਸੀ ਗੈਂਗ ਵਾਰ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿੱਚ ਖਾੜਕੂ ਗੈਂਗਸਟਰਾਂ ਦਾ ਗਠਜੋੜ ਚੱਲ ਰਿਹਾ ਹੈ। ਕੈਨੇਡਾ ਤੋਂ ਗੈਂਗਸਟਰ ਅਤੇ ਖਾੜਕੂ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਗੈਂਗਸਟਰ ਅਰਸ਼ਦੀਪ ਉਰਫ਼ ਡੱਲਾ ਆਪਣਾ ਦਬਦਬਾ ਵਧਾਉਣ 'ਚ ਲੱਗਾ ਹੋਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਸਾਹਮਣੇ ਲਾਰੈਂਸ-ਖਾੜਕੂ ਲਖਬੀਰ ਲੰਡਾ ਦਾ ਗਰੁੱਪ ਹੈ। ਜਿਸ ਨੂੰ ਪਾਕਿਸਤਾਨ ਬੈਠੇ ਹਰਵਿੰਦਰ ਸਿੰਘ ਰਿੰਦਾ ਦਾ ਵੀ ਸਮਰਥਨ ਹਾਸਲ ਹੈ।

ਅਰਸ਼ ਡੱਲਾ ਨੇ ਸੁੱਖਾ ਦੂਨੀਕੇ ਨੂੰ ਪਨਾਹ ਦਿੱਤੀ ਸੀ, ਜੋ 2017 ਵਿੱਚ ਭਾਰਤ ਤੋਂ ਕੈਨੇਡਾ ਭੱਜ ਗਿਆ ਸੀ। ਡੱਲਾ ਖਾੜਕੂ ਨਿੱਝਰ ਲਈ ਕੰਮ ਕਰਦਾ ਸੀ ਜੋ ਹਾਲ ਹੀ 'ਚ ਮਾਰਿਆ ਗਿਆ ਸੀ। ਕੈਨੇਡਾ ਪਹੁੰਚੇ ਦੂਨੀਕੇ ਨੇ ਅੱਤਵਾਦੀ ਅਰਸ਼ ਡੱਲਾ ਅਤੇ ਖਾੜਕੂ ਹਰਦੀਪ ਸਿੰਘ ਨਿੱਝਰ ਦੇ ਕਹਿਣ 'ਤੇ ਨੱਚਣਾ ਸ਼ੁਰੂ ਕਰ ਦਿੱਤਾ।

ਇਸ ਦੇ ਨਾਲ ਹੀ ਨਿੱਝਰ ਅਤੇ ਡੱਲਾ ਗਰੁੱਪਾਂ ਦਾ ਦਬਦਬਾ ਲਗਾਤਾਰ ਵੱਧਦਾ ਜਾ ਰਿਹਾ ਸੀ। ਜਿਸ ਤੋਂ ਬਾਅਦ ਲਾਰੈਂਸ ਅਤੇ ਲੰਡਾ ਗਰੁੱਪ (ਲਾਰੈਂਸ ਬਿਸ਼ਨੋਈ) ਨੇ ਸੁੱਖਾ ਨੂੰ ਨਿਸ਼ਾਨਾ ਬਣਾਇਆ ਹੈ। ਇਨਪੁਟ ਇਹ ਵੀ ਮਿਲਿਆ ਹੈ ਕਿ ਖਾੜਕੂ ਨਿੱਝਰ ਦੇ ਕਤਲ ਪਿੱਛੇ ਉਸੇ ਲਾਰੈਂਸ-ਲੰਡਾ ਖਾੜਕੂ-ਗੈਂਗਸਟਰ ਗਠਜੋੜ ਦਾ ਹੱਥ ਹੋ ਸਕਦਾ ਹੈ।

# ਪੰਜਾਬ ਸਰਕਾਰ ਵਲੋਂ 5 ਜਨਵਰੀ ਵਾਲੇ ਦਿਨ ਚੋਣ ਕਰਵਾਉਣ ਦਾ ਐਲਾਨ



ਚੰਡੀਗੜ੍ਹ : ਪੰਜਾਬ ਸਰਕਾਰ ਨੇ ਐੱਨ. ਆਰ. ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਕਰਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਚੋਣ 5 ਜਨਵਰੀ, 2024 ਨੂੰ ਕਰਵਾਈ ਜਾਵੇਗੀ। ਪੰਜਾਬ ਦੇ ਐੱਨ. ਆਰ. ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐੱਨ. ਆਰ. ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ 5 ਜਨਵਰੀ, 2024 ਦਾ ਦਿਨ ਨਿਰਧਾਰਿਤ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀ ਐੱਨ. ਆਰ. ਆਈ. ਸਭਾ ਸੂਬੇ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਸੂਬਾ ਸਰਕਾਰ ਦੀ ਇੱਕ ਏਜੰਸੀ ਵਜੋਂ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਭਾ ਦੇ ਪ੍ਰਧਾਨ ਦਾ ਕਾਰਜਕਾਲ ਮਾਰਚ, 2022 ਨੂੰ ਸਮਾਪਤ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਪ੍ਰਵਾਸੀ ਪੰਜਾਬੀ ਆਮ ਤੌਰ 'ਤੇ ਦਸੰਬਰ ਮਹੀਨੇ ਭਾਰਤ ਆਉਂਦੇ ਹਨ ਅਤੇ ਉਹ ਮਾਰਚ ਤਕ ਇੱਥੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਚੋਣ ਕਰਵਾਉਣ ਦਾ ਇਹ ਬਿਲਕੁੱਲ ਸਹੀ ਸਮਾਂ ਹੈ।

ਧਾਲੀਵਾਲ ਨੇ ਦੱਸਿਆ ਕਿ ਐੱਨ. ਆਰ. ਆਈ. ਸਭਾ ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਕੰਮ ਕਰਦੀ ਹੈ ਅਤੇ ਸਭਾ ਦਾ ਮੁੱਖ ਉਦੇਸ਼ ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਅਤੇ ਹਿੱਤਾਂ ਲਈ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਐੱਨ.ਆਰ.ਆਈ. ਸਭਾ ਪੰਜਾਬ ਦਾ ਮੁੱਖ ਉਦੇਸ਼ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ, ਉਨ੍ਹਾਂ ਦੇ ਹੱਕਾਂ ਅਤੇ ਜਾਇਦਾਦਾਂ ਦੀ ਰਾਖੀ ਕਰਨਾ ਹੈ। ਵਰਣਨਯੋਗ ਹੈ ਕਿ ਐੱਨ. ਆਰ. ਆਈ. ਸਭਾ ਪੰਜਾਬ ਇੱਕ ਸੁਸਾਇਟੀ ਹੈ ਜੋ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 ਤਹਿਤ ਰਜਿਸਟਰਡ ਹੈ ਅਤੇ ਮੁੱਖ ਮੰਤਰੀ ਪੰਜਾਬ ਇਸ ਸਭਾ ਦੇ ਚੀਫ਼ ਪੈਟਰਨ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨਰ ਜਲੰਧਰ ਡਵੀਜ਼ਨ, ਸਭਾ ਦੇ ਚੇਅਰਮੈਨ ਹਨ ਜਦਕਿ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਐਨ.ਆਰ.ਆਈ. ਸਭਾ ਦੀਆਂ ਜ਼ਿਲ੍ਹਾ ਇਕਾਈਆਂ ਦੇ ਚੇਅਰਮੈਨ ਹਨ।

# ਪੰਜਾਬ ਸਰਕਾਰ ਦੀ ਚੁੱਪ ਕਾਰਨ ਕੈਨੇਡਾ ਜਾਣ ਵਾਲੇ ਬੱਚਿਆਂ ਦੇ ਮਾਪੇ ਪ੍ਰੇਸ਼ਾਨ: ਬਲਕੌਰ ਸਿੰਘ



ਮਾਨਸਾ : ਮਰਹੂਮ ਪੰਜਾਬੀ ਗਾਇੱਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਵਿੱਚਕਾਰ ਚੱਲ ਰਹੇ ਵਿਵਾਦ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਆਪਸੀ ਤਕਰਾਰਬਾਜ਼ੀ ਬੈਠ ਕੇ ਨਿਬੇੜ ਲੈਣੀ ਚਾਹੀਦੀ ਹੈ ਤਾਂ ਜੋ ਦੋਨੋਂ ਦੇਸ਼ਾਂ ਵਿੱਚਕਾਰ ਆਪਸੀ ਕੁੜੱਤਣ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿੱਦਿਆਰਥੀਆਂ ਸਣੇ ਜਿਹੜੇ ਲੋਕ ਕੈਨੇਡਾ ਵਿੱਚ ਵਸੇ ਹੋਏ ਹਨ, ਉਨ੍ਹਾਂ ਦੇ ਪਰਿਵਾਰਾਂ ਦੇ ਜੀਅ ਬਹੁਤ ਪ੍ਰੇਸ਼ਾਨ ਹਨ। ਉਹ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੀ ਤਕਰੀਰ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵਲੋਂ ਵੀ ਪੰਜਾਬੀਆਂ ਨੂੰ ਕੈਨੇਡਾ ਦੇ ਵਿਵਾਦ ਸਬੰਧੀ ਅਜੇ ਤਕ ਕੋਈ ਹੌਸਲਾ-ਅਫ਼ਜ਼ਾਈ ਵਾਲੀ ਗੱਲ ਨਹੀਂ ਕੀਤੀ ਗਈ ਹੈ, ਜਿਸ ਨਾਲ ਕੈਨੇਡਾ ਜਾਣ ਵਾਲੇ ਅਤੇ ਉਥੇ ਪੜ੍ਹ ਰਹੇ ਵਿੱਦਿਆਰਥੀਆਂ ਦੇ ਮਾਪਿਆਂ ਨੂੰ ਚਿੰਤਾ ਸਤਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਖ਼ਰਾਬ ਕਰਨ ਵਾਲੇ ਮੁਲਜ਼ਮਾਂ ਖ਼ਿਲਾਫ਼ ਪੰਜਾਬ ਦੀ ਥਾਂ ਐੱਨ.ਆਈ.ਏ. ਵਲੋਂ ਉਸ ਉਪਰ ਕਾਤਲ ਫ਼ਿਰੌਤੀਆਂ ਵਰਗੇ ਅਨੇਕਾਂ ਕੇਸ ਦਰਜ ਕਰ ਕੇ ਜਾਇਦਾਦਾਂ ਜ਼ਬਤ ਕੀਤੀਆਂ ਜਾਣ ਲੱਗੀਆਂ ਹਨ, ਜਿਸ ਲਈ ਪੰਜਾਬ ਸਰਕਾਰ ਅਜੇ ਵੀ ਚੁੱਪ ਹੈ। ਬਲਕੌਰ ਸਿੰਘ ਸਿੱਧੂ ਵੱਲੋਂ ਕੰਗਣਾ ਰਣੌਤ ਬਾਰੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਪਹਿਲਾਂ ਕਿਸਾਨੀ ਸੰਘਰਸ਼ ਬਾਰੇ ਬੋਲਦੀ ਰਹੀ ਹੁਣ ਅੱਗ ਫ਼ੈਲਾ ਰਹੀ ਹੈ। ਇਸ ਮਸਲੇ 'ਤੇ ਕੁੜੱਤਣ ਨਾ ਪਾਓ, ਕਿਉਂਕਿ ਨਾ ਹੀ ਭਾਰਤ ਬਿਨਾਂ ਸਰੇ, ਨਾ ਹੀ ਕਨੈਡਾ ਬਿਨਾਂ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਵਰਗਿਆਂ ਨੂੰ ਲੋੜ ਤੋਂ ਵੱਧ ਸ਼ੋਸਲ ਮੀਡੀਆ 'ਤੇ ਉਭਾਰ ਕੇ ਹੀਰੋ ਬਣਾਇਆ ਜਾ ਰਿਹਾ ਹੈ।



# ਭਾਰਤ-ਕੈਨੇਡਾ ਮਾਮਲੇ 'ਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪਾਸ ਕੀਤਾ ਵਿਸ਼ੇਸ਼ ਮਤਾ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਅੰਦਰ ਉੱਥੋਂ ਦੇ ਵਸਨੀਕ ਸਿੱਖ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਭਾਰਤੀ ਏਜੰਸੀਆਂ ਦੇ ਅਧਿਕਾਰੀਆਂ ਦਾ ਹੱਥ ਹੋਣ ਬਾਰੇ ਲਗਾਏ ਦੋਸ਼ਾਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇੱਕੱਤਰਤਾ 'ਚ ਪਾਸ ਕੀਤੇ ਗਏ ਇੱਕ ਵਿਸ਼ੇਸ਼ ਮਤੇ ਵਿੱਚ ਕਿਹਾ ਗਿਆ ਕਿ ਕਿਸੇ ਵੀ ਦੇਸ਼ ਦੀ ਸੰਸਦ ਵਿੱਚ ਪ੍ਰਧਾਨ ਮੰਤਰੀ ਵਲੋਂ ਦਿੱਤਾ ਗਿਆ ਬਿਆਨ ਆਮ ਨਹੀਂ ਸਮਝਿਆ ਜਾਂਦਾ, ਸਗੋਂ ਦੇਸ਼ ਦੇ ਸੰਵਿਧਾਨ ਦੀ ਮਾਣ-ਮਰਯਾਦਾ ਦੇ ਦਾਇਰੇ ਵਿੱਚ ਤੱਥਾਂ ਆਧਾਰਤ ਮੰਨਿਆ ਜਾਂਦਾ ਹੈ।

ਪਾਰਲੀਮੈਂਟ ਅੰਦਰ ਪ੍ਰਧਾਨ ਮੰਤਰੀ ਵਲੋਂ ਆਖੀ ਗਈ ਹਰ ਗੱਲ ਨੂੰ ਸਹਿਜੇ ਹੀ ਨਕਾਰਿਆ ਨਹੀਂ ਜਾ ਸਕਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤੀ ਏਜੰਸੀਆਂ 'ਤੇ ਲਗਾਏ ਦੋਸ਼ਾਂ ਦੀ ਸੱਚਾਈ ਦੋਵਾਂ ਦੇਸ਼ਾਂ ਨੂੰ ਰਾਜਨੀਤੀ ਤੋਂ ਪਰ੍ਹੇ ਜਾ ਕੇ ਇੱਕ ਸੁਹਿਰਦ ਪਹੁੰਚ ਰਾਹੀਂ ਲੋਕਾਂ ਸਾਹਮਣੇ ਰੱਖਣੀ ਚਾਹੀਦੀ ਹੈ। ਜੇਕਰ ਇਸ ਨੂੰ ਸਿਰਫ਼ ਰਾਜਨੀਤੀ ਕਰਕੇ ਹੀ ਦਬਾ ਦਿੱਤਾ ਜਾਂਦਾ ਹੈ ਤਾਂ ਇਹ ਮਾਨਵੀ ਅਧਿਕਾਰਾਂ ਨਾਲ ਨਾਇਨਸਾਫ਼ੀ ਮੰਨੀ ਜਾਵੇਗੀ। ਇਸ ਸਮੁੱਚੇ ਵਰਤਾਰੇ ਵਿੱਚ ਮੁੱਖ ਮੀਡੀਆ ਅਤੇ ਸ਼ੋਸ਼ਲ ਮੀਡੀਆ ਮੰਚਾਂ 'ਤੇ ਸਿੱਖ ਅਤੇ ਪੰਜਾਬ ਵਿਰੋਧੀ ਫ਼ੈਲਾਏ ਜਾ ਰਹੇ ਨਫ਼ਰਤੀ ਕੂੜ ਪ੍ਰਚਾਰ ਦੀ ਵੀ ਕਰੜੀ ਨਿੰਦਾ ਕਰਦਿਆਂ ਕਿਹਾ ਗਿਆ ਹੈ ਕਿ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਜਾਣਬੁਝ ਕੇ ਭਾਰਤ ਕੈਨੇਡਾ ਮਾਮਲਾ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ 'ਤੇ ਹੀ ਕੇਂਦਰਿਤ ਕਰ ਦਿੱਤਾ ਗਿਆ ਹੈ।

ਅੰਤ੍ਰਿੰਗ ਕਮੇਟੀ ਨੇ ਮਤੇ ਰਾਹੀਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਕੇ ਇਸ ਵਿੱਚ ਸਿੱਖਾਂ ਦੇ ਅਕਸ ਨੂੰ ਖ਼ਰਾਬ ਕਰਨ ਵਾਲੇ ਲੋਕਾਂ 'ਤੇ ਕਾਰਵਾਈ ਕਰੇ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸਿੱਖ ਕੌਮ ਹਰ ਧਰਮ ਦਾ ਸਤਿਕਾਰ ਕਰਦੀ ਹੈ ਅਤੇ ਕਿਸੇ ਨਾਲ ਵੀ ਵੈਰ ਨਹੀਂ ਰੱਖਦੀ। ਕੱਝ ਲੋਕ ਮੌਜੂਦਾ ਸਥਿਤੀ ਨੂੰ ਕੌਮਾਂ ਵਿੱਚ ਵੰਡੀਆਂ ਪਾਉਣ ਲਈ ਇੱਕ ਹਥਿਆਰ ਵਜੋਂ ਵਰਤ ਰਹੇ ਹਨ, ਜਿਸ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ। ਅੰਤ੍ਰਿੰਗ ਕਮੇਟੀ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਇਸ ਗੱਲ ਵਲ ਗੌਰ ਕਰੇ। ਇਹ ਵੀ ਕਿਹਾ ਗਿਆ ਕਿ ਜਿਹੜੀਆਂ ਸ਼ਕਤੀਆਂ ਸਿੱਖਾਂ ਦਾ ਅਕਸ ਖਰਾਬ ਕਰ ਰਹੀਆਂ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਇਸ ਦੇ ਨਾਲ ਹੀ ਸਿੱਖਾਂ ਅੰਦਰ ਪਣਪ ਰਹੀ ਬੇਵਿਸ਼ਵਾਸੀ ਨੂੰ ਖ਼ਤਮ ਕਰਨ ਵਾਸਤੇ ਵੀ ਢੁੱਕਵੇਂ ਕਦਮ ਚੁੱਕੇ ਜਾਣ।

ਇਸ ਵਿਸ਼ੇਸ਼ ਮਤੇ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਵੱਲੋਂ ਕਈ ਹੋਰ ਫ਼ੈਸਲੇ ਲੈਣ ਦੇ ਨਾਲ-ਨਾਲ ਵੱਖ-ਵੱਖ ਵਿਭਾਗਾਂ ਦੇ ਮਾਮਲੇ ਵੀ ਵਿੱਚਾਰੇ ਗਏ। ਇੱਕ ਮਤੇ ਵਿੱਚ ਜੂਨ 1984 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਸਮੇਂ ਜੋਧਪੁਰ ਜੇਲ੍ਹ ਵਿੱਚ ਨਜ਼ਰਬੰਦ ਰਹੇ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਦੇ ਨਾਲ-ਨਾਲ ਇਸ ਵਿੱਚ ਸਹਾਇਤਾ ਕਰਨ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਦਾ ਫ਼ੈਸਲਾ ਲਿਆ ਗਿਆ। ਇਸ ਦੇ ਨਾਲ ਹੀ ਨੋਇਡਾ ਉੱਤਰਪ੍ਰਦੇਸ਼ ਦੇ ਵਸਨੀਕ ਕਾਕਾ ਸਿਦਕਦੀਪ ਸਿੰਘ ਜਿਸ ਦੇ ਸਭ ਤੋਂ ਲੰਮੇ ਕੇਸ ਹੋਣ ਕਾਰਨ ਉਸ ਦਾ ਨਾਮ ਗਿੰਨੀਜ਼ ਬੁੱਕ ਔਫ਼ ਵਰਲਡ ਵਿੱਚ ਦਰਜ਼ ਹੋਣ 'ਤੇ ਉਸ ਨੂੰ ਵੀ ਸਨਮਾਨਿਤ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ।

# ਕੁੱਲੜ੍ਹ ਪੀਜ਼ਾ ਮਾਮਲੇ 'ਚ ਆਇਆ ਨਵਾਂ ਮੋੜ, ਗ੍ਰਿਫ਼ਤਾਰ ਲੜਕੀ ਦੇ ਪਰਿਵਾਰ ਵਲੋਂ ਵੱਡਾ ਦਾਅਵਾ





ਜਲੰਧਰ : ਕੁੱਲੜ ਪੀਜ਼ਾ ਮਾਮਲੇ 'ਚ ਨਵਾਂ ਮੋੜ ਆਇਆ ਹੈ। ਹੁਣ ਗ੍ਰਿਫ਼ਤਾਰ ਕੀਤੀ ਲੜਕੀ ਦਾ ਪਰਿਵਾਰ ਸਾਹਮਣੇ ਆ ਗਿਆ ਹੈ। ਲੜਕੀ ਦੇ ਪਰਿਵਾਰਕ ਮੈਂਬਰਾਂ ਦੱਸਿਆ ਹੈ ਕਿ ਉਨ੍ਹਾਂ ਦੀ ਲੜਕੀ ਨੇ ਇੱਕ ਮਹੀਨਾ ਕੁੱਲੜ੍ਹ ਪੀਜ਼ਾ 'ਤੇ ਕੰਮ ਕੀਤਾ ਸੀ।

ਪਰਿਵਾਰ ਨੇ ਆਪਣੀ ਲੜਕੀ ਨੂੰ ਬੇਕਸੂਰ ਦੱਸਿਆ ਹੈ। ਕੁੜੀ ਦੀ ਮਾਸੀ ਨੇ ਦੱਸਿਆ ਹੈ ਕਿ ਇੱਕ ਦਿਨ ਕੁੜੀ ਦਾ ਫ਼ੋਨ ਸਹਿਜ ਅਰੋੜਾ ਕੋਲ ਰਿਹਾ ਸੀ। ਮਨ੍ਹਾਂ ਕਰਨ ਦੇ ਬਾਵਜੂਦ ਸਹਿਜ ਅਰੋੜਾ ਨੇ ਸਾਰਾ ਦਿਨ ਫ਼ੋਨ ਆਪਣੇ ਕੋਲ ਰੱਖਿਆ ਸੀ। ਦੋਸ਼ ਲੱਗ ਰਹੇ ਹਨ ਕਿ ਇੰਸਟਾਗ੍ਰਾਮ ਆਈ.ਡੀ. ਇਸੇ ਫ਼ੋਨ ਦੇ ਇੰਟਰਨੈੱਟ ਦੀ ਵਰਤੋਂ ਕਰਕੇ ਬਣਾਈ ਗਈ ਸੀ, ਜਿਸ ਤੋਂ ਵੀਡੀਓ ਵਾਇਰਲ ਹੋਈ ਸੀ। ਸਾਡੀ ਕੁੜੀ ਨੇ ਕੁੱਝ ਨਹੀਂ ਕੀਤਾ ਤੇ ਇਨਸਾਫ਼ ਮਿਲਣਾ ਚਾਹੀਦਾ ਹੈ।

ਸਾਡੀ ਬੇਟੀ ਦੇ ਨਾਲ ਨੇਪਾਲ ਦੀ ਇੱਕ ਲੜਕੀ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਉਸ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਉਧਰ, ਕਥਿਤ ਅਸ਼ਲੀਲ ਵੀਡੀਓ ਵਾਇਰਲ ਹੋਣ ਤੋਂ ਬਾਅਦ ਕੁੱਲੜ ਪੀਜ਼ਾ ਸਟਾਲ ਦੇ ਮਾਲਕ ਵਲੋਂ ਲੋਕਾਂ ਨੂੰ ਮੁੜ ਅਪੀਲ ਕੀਤੀ ਹੈ ਕਿ ਇਸ ਨੂੰ ਡਲੀਟ ਕੀਤਾ ਜਾਵੇ। ਇਹ ਉਨ੍ਹਾਂ ਦੀ ਜ਼ਿੰਦਗੀ ਦਾ ਸਵਾਲ ਹੈ।

ਇਸ ਤੋਂ ਪਹਿਲਾਂ ਉਸ ਨੇ ਆਖਿਆ ਸੀ ਕਿ ਉਨ੍ਹਾਂ ਦੀ ਜੋ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਉਹ ਝੂਠੀ ਹੈ ਅਤੇ ਏ. ਆਈ. ਦੀ ਵਰਤੋਂ ਕਰ ਕੇ ਬਣਾਈ ਗਈ ਹੈ।






# ਕਰੀਮਾ ਬਲੋਚ, ਜਿਸ ਦੇ ਕਤਲ ਨੂੰ ਲੈ ਕੇ ਘਿਰੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ

ਨਵੀਂ ਦਿੱਲੀ : ਜਦੋਂ ਤੋਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ’ਤੇ ਖ਼ਾਲਿਸਤਾਨ ਪੱਖੀ ਨੇਤਾ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਦੋਸ਼ ਲਗਾਇਆ ਹੈ, ਉਹ ਆਪਣੇ ਘਰ ਤਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਟਰੂਡੋ ਦੇ ਦੋਸ਼ਾਂ ’ਤੇ ਭਾਰਤ ਨੇ ਨਾ ਸਿਰਫ਼ ਜਵਾਬੀ ਕਾਰਵਾਈ ਕੀਤੀ ਹੈ, ਸਗੋਂ ਹੁਣ ਕੈਨੇਡੀਅਨ ਨੇਤਾਵਾਂ ਨੇ ਵੀ ਉਨ੍ਹਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ।



ਬਲੋਚ ਹਿਊਮਨ ਰਾਈਟਸ ਕੌਂਸਲ ਨੇ ਟਰੂਡੋ ’ਤੇ ਚੁੱਕੇ ਸਵਾਲ

ਨਿੱਝਰ ਦੇ ਕਤਲ ’ਤੇ ਭਾਰਤ (ਕੈਨੇਡਾ ਇੰਡੀਆ ਰਾਅ) ’ਤੇ ਸਵਾਲ ਚੁੱਕਣ ਵਾਲੇ ਟਰੂਡੋ ਨੂੰ ਹੁਣ ਸਵਾਲ ਪੁੱਛੇ ਜਾ ਰਹੇ ਹਨ। ਬਲੋਚ ਹਿਊਮਨ ਰਾਈਟਸ ਕਾਉਂਸਿਲ ਔਫ਼ ਕੈਨੇਡਾ (ਬੀ.ਐੱਚ.ਆਰ.ਸੀ.) ਨੇ ਕੈਨੇਡੀਅਨ ਪ੍ਰਧਾਨ ਮੰਤਰੀ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਨਿੱਝਰ ਦੇ ਕਤਲ ’ਤੇ ਦਰਦ ਜ਼ਾਹਿਰ ਕਰ ਰਹੇ ਹਨ, ਪਰ ਕੈਨੇਡਾ ’ਚ ਵੱਸਦੀ ਬਲੋਚ ਮਨੁੱਖੀ ਅਧਿਕਾਰ ਕਾਰਕੁੰਨ ਕਰੀਮਾ ਬਲੋਚ ਦੇ ਕਥਿਤ ਕਤਲ ’ਤੇ ਅੱਜ ਤਕ ਇੱਕ ਸ਼ਬਦ ਨਹੀਂ ਬੋਲਿਆ। 3 ਸਾਲ ਪਹਿਲਾਂ। ਬੋਲਿਆ ਨਹੀਂ ਸੀ।

ਕੌਂਸਲ ਨੇ ਉਸ ਦੀ ਚੁੱਪ ’ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉਸ ਨੇ ਕਰੀਮਾ ਦੇ ਅਗਵਾ ਅਤੇ ਕਥਿਤ ਕਤਲ ’ਚ ਕੋਈ ਕਾਰਵਾਈ ਨਾ ਕਰਨ ਦੀ ਗੱਲ ਵੀ ਕਹੀ।

ਕਰੀਮਾ ਬਲੋਚ ਨੂੰ ਪਾਕਿਸਤਾਨ ਦੀ ਸਰਕਾਰ ਅਤੇ ਫ਼ੌਜ ਦਾ ਸਾਹਮਣਾ ਕਰਨ ਵਾਲੀ ਲੜਕੀ ਕਿਹਾ ਜਾਂਦਾ ਹੈ। ਕਰੀਮਾ ਨੇ ਕਈ ਵਾਰ ਪਾਕਿਸਤਾਨੀ ਸਰਕਾਰ ਨੂੰ ਬੇਨਕਾਬ ਕਰਨ ਦਾ ਕੰਮ ਵੀ ਕੀਤਾ। ਕਰੀਮਾ ਬਲੋਚਿਸਤਾਨ ਨੂੰ ਪਾਕਿਸਤਾਨ ਤੋਂ ਵੱਖ ਕਰਨਾ ਚਾਹੁੰਦੀ ਸੀ ਅਤੇ ਬਲੋਚ ਅੰਦੋਲਨ ਦਾ ਮੁੱਖ ਚਿਹਰਾ ਸੀ। ਕਰੀਮਾ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐੱਸ. ਆਈ. ਦੇ ਖ਼ਿਲਾਫ਼ ਵੀ ਸੀ ਅਤੇ ਇਸ ਕਾਰਨ ਉਹ ਇਸ ਦੇ ਨਿਸ਼ਾਨੇ ’ਤੇ ਸੀ। ਕਰੀਮਾ ਆਈ.ਐੱਸ.ਆਈ. ਤੋਂ ਬਚ ਕੇ ਕੈਨੇਡਾ ਆ ਗਈ ਸੀ ਪਰ ਇੱਥੇ ਵੀ ਉਸ ਦੇ ਕਈ ਰਿਸ਼ਤੇਦਾਰ ਮਾਰੇ ਗਏ ਸਨ।

ਕਰੀਮਾ ਨੂੰ ਆਈ.ਐੱਸ.ਆਈ. ਤੋਂ ਧਮਕੀਆਂ ਮਿਲ ਰਹੀਆਂ ਸਨ। ਇਸ ਦੌਰਾਨ, ਉਹ 2020 ਵਿੱਚ ਟੌਰਟੋ ਵਿੱਚ ਮ੍ਰਿਤਕ ਪਾਇਆ ਗਿਆ ਸੀ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਇਸ ਵਿੱਚ ਪਾਕਿਸਤਾਨ ਦਾ ਹੱਥ ਸੀ ਪਰ ਕੈਨੇਡਾ ਸਰਕਾਰ ਨੇ ਉਨ੍ਹਾਂ ਦੀ ਇੱਕ ਨਾ ਸੁਣੀ ਅਤੇ ਪੁਲੀਸ ਨੇ ਇਸ ਨੂੰ ਖੁਦਕੁਸ਼ੀ ਦੱਸ ਕੇ ਕੇਸ ਬੰਦ ਕਰ ਦਿੱਤਾ। ਬੀ.ਐੱਚ.ਆਰ.ਸੀ. ਨੇ ਹੁਣ ਟਰੂਡੋ ਨੂੰ ਪੱਤਰ ਲਿਖ ਕੇ ਪੁੱਛਿਆ ਹੈ ਕਿ ਜਦੋਂ ਇਹ ਸਪੱਸ਼ਟ ਸੀ ਕਿ ਕਰੀਮਾ ਮਾਮਲੇ ਵਿੱਚ ਪਾਕਿਸਤਾਨੀ ਏਜੰਸੀਆਂ ਸ਼ਾਮਲ ਸਨ ਤਾਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਬੀ.ਐੱਚ.ਆਰ.ਸੀ. ਨੇ ਕਿਹਾ ਕਿ ਨਿੱਝਰ ਮਾਮਲੇ ’ਚ ਸਿੱਧੀ ਪ੍ਰੈੱਸ ਕਾਨਫ਼ਰੰਸ ਕੀਤੀ ਜਾਂਦੀ ਹੈ ਅਤੇ ਕਰੀਮਾ ਮਾਮਲੇ ’ਚ ਪਾਕਿਸਤਾਨ ਨੂੰ ਕੋਈ ਸਵਾਲ ਨਹੀਂ ਪੁੱਛਿਆ ਜਾਂਦਾ।

# ਨਿਊ ਜ਼ੀਲੈਂਡ ’ਚ ਸਮਾਂ ਤਬਦੀਲੀ, ਘੜੀਆਂ ਇੱਕ ਘੰਟਾ ਹੋਈਆਂ ਅੱਗੇ




ਓਕਲੈਂਡ : ਨਿਊ ਜ਼ੀਲੈਂਡ ਵਿੱਚ ‘ਡੇਅ ਲਾਈਟ ਸੇਵਿੰਗ’ ਤਹਿਤ ਘੜੀਆਂ ਦਾ ਸਮਾਂ ਬੀਤੇ ਦਿਨ 24 ਸਤੰਬਰ ਦਿਨ ਐਤਵਾਰ ਤੋਂ ਇੱਕ ਘੰਟਾ ਅੱਗੇ ਕਰ ਦਿੱਤਾ ਗਿਆ। ਇਹ ਸਮਾਂ ਇਸੇ ਤਰ੍ਹਾਂ 07 ਅਪ੍ਰੈਲ, 2024 ਤਕ ਜਾਰੀ ਰਹੇਗਾ ਅਤੇ ਫ਼ਿਰ ਘੜੀਆਂ ਇੱਕ ਘੰਟਾ ਪਿੱਛੇ ਕਰ ਦਿੱਤੀਆਂ ਜਾਣਗੀਆਂ ਤੇ ਡੇਅ ਲਾਈਟ ਸੇਵਿੰਗ ਖ਼ਤਮ ਹੋਵੇਗੀ। ਆਮ ਤੌਰ ’ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਦਿਨ ਪਹਿਲਾਂ ਯਾਨੀ ਕਿ ਸ਼ਨੀਵਾਰ (23 ਸਤੰਬਰ) ਨੂੰ ਸੌਣ ਤੋਂ ਪਹਿਲਾਂ ਆਪਣੀਆਂ ਘੜੀਆਂ ਇੱਕ ਘੰਟਾ ਅੱਗੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫ਼ੋਨਾਂ ’ਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। 25 ਸਤੰਬਰ ਨੂੰ ਸੂਰਜ ਸਵੇਰੇ 6:10 ਵਜੇ ਦੀ ਥਾਂ 7:08 ’ਤੇ ਚੜ੍ਹਿਆ ਅਤੇ ਸ਼ਾਮ 7:18 ਮਿੰਟ ’ਤੇ ਛਿਪੇਗਾ। 24 ਸਤੰਬਰ ਨੂੰ ਲੋਕਾਂ ਨੂੰ ਸੂਰਜ ਇੱਕ ਘੰਟਾ ਲੇਟ ਚੜ੍ਹਿਆ ਹੋਇਆ ਤੇ ਇੱਕ ਘੰਟਾ ਬਾਅਦ ਵਿੱਚ ਸੂਰਜ ਛਿਪਦਾ ਮਹਿਸੂਸ ਹੋਇਆ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿੱਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊ ਜ਼ੀਲੈਂਡ ਦੇ ਵਿੱਚ ਸ਼ਾਮ ਦੇ 7:30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊ ਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਭਾਰਤ ਵਿੱਚ ਸਵੇਰ ਦੇ 4:30 ਹੋਇਆ ਕਰਨਗੇ। ਜ਼ਿਕਰਯੋਗ ਹੈ ਕਿ ਨਿਊ ਜ਼ੀਲੈਂਡ ਵਿੱਚ ਸਤੰਬਰ, ਅਕਤੂਬਰ ਅਤੇ ਨਵੰਬਰ ਬਸੰਤ ਦੇ ਮਹੀਨੇ ਹਨ ਅਤੇ ਇਸ ਦੌਰਾਨ ਬਨਸਪਤੀ ਖ਼ੂਬ ਖਿੜ ਉਠਦੀ ਹੈ। ਉਸ ਤੋਂ ਬਾਅਦ ਦਸੰਬਰ, ਜਨਵਰੀ ਅਤੇ ਫ਼ਰਵਰੀ ਗਰਮੀਆਂ ਦੇ ਮਹੀਨੇ ਹੋਣਗੇ। ਇਸੇ ਤਰ੍ਹਾਂ ਆਸਟ੍ਰੇਲੀਆ (ਸਿਡਨੀ) ਵਿੱਚ ਵੀ 01 ਅਕਤੂਬਰ ਨੂੰ ਘੜੀਆਂ ਰਾਤ 2 ਵਜੇ ਇੱਕ ਘੰਟਾ ਅਗੇ ਹੋ ਜਾਣਗੀਆਂ ਅਤੇ ਇਹ ਬਦਲਿਆ ਸਮਾਂ 7 ਅਪ੍ਰੈਲ 2024 ਤੱਕ ਚੱਲੇਗਾ। ਪਰ ਆਸਟ੍ਰੇਲੀਆ ਦੇ ਉਤਰੀ ਅਤੇ ਪੱਛਮੀ ਹਿਸਿਆਂ ਵਿਖੇ ਸਮਾਂ ਨਹੀਂ ਬਦਲਦਾ ਜਿਵੇਂ ਕਿ ਕੁਈਨਜ਼ਲੈਂਡ, ਨਾਰਦਰਨ ਟੈਰੇਟਰੀ ਅਤੇ ਵੈਸਟਰਨ ਆਸਟ੍ਰੇਲੀਆ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿੱਚ ਦੁਪਹਿਰ ਦੇ 12 ਵੱਜਣਗੇ ਤਾਂ ਸਿਡਨੀ ਤੇ ਮੈਲਬੌਰਨ ਦੇ ਵਿੱਚ ਸ਼ਾਮ ਦੇ 05:30 ਵਜੇ ਹੋਣਗੇ।






# ਪੰਜਾਬੀ ਰਿਸ਼ਤੇਦਾਰੀਆਂ ਅਤੇ ਰਿਸ਼ਤੇਦਾਰ

ਰਿਸ਼ਤੇਦਾਰੀਆਂ ਅਤੇ ਰਿਸ਼ਤੇਦਾਰ ਭਾਵੇਂ ਹਰ ਸਮਾਜ ਵਿਚ ਹੀ ਹੁੰਦੇ ਹਨ ਪਰ ਇਨ੍ਹਾਂ ਦਾ ਜੋ ਨਿੱਘ ਪੰਜਾਬੀ ਮਾਣਦੇ ਹਨ, ਉਹ ਦੁਨੀਆਂ ਭਰ ਵਿਚ ਸ਼ਾਇਦ ਹੀ ਕੋਈ ਹੋਰ ਲੋਕ ਮਾਣਦੇ ਹੋਣ। ਮਲਵਈ ਭਾਸ਼ਾ ਵਿੱਚ ਰਿਸ਼ਤੇਦਾਰੀਆਂ ਨੂੰ ਸਕੀਰੀਆਂ ਅਤੇ ਰਿਸ਼ਤੇਦਾਰਾਂ ਨੂੰ ਸਕੀਰੀਦਾਰ ਵੀ ਕਿਹਾ ਜਾਂਦਾ ਹੈ। ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਰਿਸ਼ਤਿਆਂ ਦੇ ਅੰਗਰੇਜ਼ੀਕਰਣ ਵਜੋਂ ਹੋਂਦ ਵਿਚ ਆਏ ਅੰਕਲ, ਆਂਟੀ, ਬ੍ਰਦਰ-ਇਨ-ਲਾਅ, ਸਿਸਟਰ-ਇਨ-ਲਾਅ ਅਤੇ ਕਜ਼ਨਜ਼ ਨੇ ਸਾਡੇ ਬਹੁਤ ਸਾਰੇ ਰਿਸ਼ਤਿਆਂ ਦੀ ਪਹਿਚਾਣ ਹੀ ਖ਼ਤਮ ਕਰ ਦਿੱਤੀ ਹੈ। ਸਾਡੀ ਹਰ ਰਿਸ਼ਤੇਦਾਰੀ ਲਈ ਨਾ ਕੇਵਲ ਉੱਚਿਤ ਨਾਮ ਹੈ ਸਗੋਂ ਇਹਨਾਂ ਰਿਸ਼ਤੇਦਾਰੀਆਂ ਨੂੰ ਪੂਰੀ ਮਾਨਤਾ ਵੀ ਦਿੱਤੀ ਜਾਂਦੀ ਹੈ ਅਤੇ ਸਭ ਇਕ-ਦੂਜੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਹਨ। ਆਪਣੀ ਮਾਂ ਦੀਆਂ ਭੈਣਾਂ ਨੂੰ ਮਾਸੀਆਂ, ਭਰਜਾਈਆਂ ਨੂੰ ਮਾਮੀਆਂ, ਦਰਾਣੀਆਂ ਨੂੰ ਚਾਚੀਆਂ, ਜਠਾਣੀਆਂ ਨੂੰ ਤਾਈਆਂ ਅਤੇ ਨਣਦਾਂ ਨੂੰ ਭੂਆ ਕਿਹਾ ਜਾਂਦਾ ਹੈ। ਮਾਂ ਦੀ ਮਾਂ ਨੂੰ ਨਾਨੀ ਅਤੇ ਮਾਂ ਦੇ ਪਿਤਾ ਨੂੰ ਨਾਨਾ ਕਿਹਾ ਜਾਂਦਾ ਹੈ। ਪਿਤਾ ਦੇ ਛੋਟੇ ਭਰਾਵਾਂ ਨੂੰ ਚਾਚੇ, ਵੱਡੇ ਭਰਾਵਾਂ ਨੂੰ ਤਾਏ ਅਤੇ ਭੈਣਾਂ ਨੂੰ ਭੂਆ ਕਿਹਾ ਜਾਂਦਾ ਹੈ। ਪਿਤਾ ਦੇ ਪਿਤਾ ਨੂੰ ਦਾਦਾ, ਪਿਤਾ ਦੇ ਦਾਦੇ ਨੂੰ ਪੜਦਾਦਾ ਅਤੇ ਪੜਦਾਦੇ ਦੇ ਪਿਤਾ ਨੂੰ ਨਕੜਦਾਦਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪਿਤਾ ਦੀ ਮਾਂ ਨੂੰ ਦਾਦੀ, ਦਾਦੀ ਦੀ ਸੱਸ ਨੂੰ ਪੜਦਾਦੀ ਅਤੇ ਪੜਦਾਦੀ ਦੀ ਸੱਸ ਨੂੰ ਨਕੜਦਾਦੀ ਕਿਹਾ ਜਾਂਦਾ ਹੈ। ਇਸਦੇ ਉਲਟ, ਪੁੱਤਰ ਦੇ ਬੱਚੇ ਪੋਤਾ-ਪੋਤੀ, ਪੋਤੇ ਦੇ ਬੱਚੇ ਪੜੋਤੇ-ਪੜੋਤੀਆਂ ਜਾਂ ਪੜਪੋਤੇ-ਪੜਪੋਤੀਆਂ ਕਹਾਉਂਦੇ ਹਨ। ਧੀ ਦੇ ਬੱਚਿਆਂ ਨੂੰ ਦੋਹਤੇ-ਦੋਹਤੀਆਂ ਅਤੇ ਉਹਨਾਂ ਦੇ ਬੱਚਿਆਂ ਨੂੰ ਪੜਦੋਹਤੇ-ਪੜਦੋਹਤੀਆਂ ਕਿਹਾ ਜਾਂਦਾ ਹੈ।



ਸੱਸ-ਸਹੁਰਾ ਆਪਣੇ ਪੁੱਤਰ ਦੀ ਵਹੁਟੀ ਨੂੰ ਨੂੰਹ, ਉਸਦੇ ਮਾਤਾ-ਪਿਤਾ ਨੂੰ ਕੁੜਮ-ਕੁੜਮਣੀ ਅਤੇ ਉਸਦੇ ਭੈਣ-ਭਰਾਵਾਂ ਨੂੰ ਕੁੜਮੇਟੀਆਂ ਅਤੇ ਕੁੜਮੇਟੇ ਕਹਿੰਦੇ ਹਨ। ਵਹੁਟੀ ਆਪਣੇ ਪਤੀ ਦੀ ਮਾਂ ਨੂੰ ਸੱਸ, ਪਿਤਾ ਨੂੰ ਸਹੁਰਾ, ਛੋਟੇ ਭਰਾਵਾਂ ਨੂੰ ਦੇਵਰ ਜਾਂ ਦਿਓਰ, ਵੱਡੇ ਭਰਾਵਾਂ ਨੂੰ ਜੇਠ, ਭੈਣਾਂ ਨੂੰ ਨਣਦਾਂ, ਨਣਦ ਦੇ ਪਤੀ ਨੂੰ ਨਣਦੋਈਆ, ਦਾਦੀ ਨੂੰ ਦਾਦਸ ਜਾਂ ਦਾਦੀ ਸੱਸ, ਦਾਦੇ ਨੂੰ ਦਾਦਸਰਾ, ਨਾਨੀ ਨੂੰ ਨਾਨਸ, ਨਾਨੇ ਨੂੰ ਨਾਨਸਰਾ, ਮਾਮੀ ਨੂੰ ਮਾਮਸ, ਮਾਮੇ ਨੂੰ ਮਾਮਸਰਾ, ਭੂਆ ਨੂੰ ਫੂਫਸ, ਫੁੱਫੜ ਨੂੰ ਫੁੱਫਾ, ਸਹੁਰੇ ਦੇ ਭਰਾ ਨੂੰ ਪਤਿਉਹਰਾ ਅਤੇ ਸੱਸ ਦੀ ਦਰਾਣੀ-ਜਠਾਣੀ ਨੂੰ ਪਤੀਸ ਕਹਿੰਦੀ ਹੈ। ਆਪਣੇ ਚਾਚੇ ਦੇ ਲੜਕੇ-ਲੜਕੀ ਨੂੰ ਚਚੇਰ, ਮਾਸੀ ਦੇ ਲੜਕੇ-ਲੜਕੀ ਨੂੰ ਮਸੇਰ ਅਤੇ ਭੂਆ ਦੇ ਲੜਕੇ-ਲੜਕੀ ਨੂੰ ਫੁਫੇਰ ਕਹਿੰਦੇ ਹਨ। ਆਪਣੇ ਪਿਤਾ ਦੀ ਦੂਸਰੀ ਪਤਨੀ ਨੂੰ ਮਤਰੇਈ ਮਾਂ, ਆਪਣੀ ਮਾਤਾ ਦੇ ਦੂਸਰੇ ਪਤੀ ਨੂੰ ਮਤਰੇਆ ਬਾਪ ਅਤੇ ਉਹਨਾਂ ਦੇ ਬੱਚਿਆਂ ਨੂੰ ਮਤਰੇਏ ਭੈਣ-ਭਰਾ ਕਿਹਾ ਜਾਂਦਾ ਹੈ। ਮਰਦ ਆਪਣੇ ਭਰਾਵਾਂ ਦੇ ਬੱਚਿਆਂ ਨੂੰ ਭਤੀਜੇ-ਭਤੀਜੀਆਂ ਅਤੇ ਭੈਣਾਂ ਦੇ ਬੱਚਿਆਂ ਨੂੰ ਭਾਣਜੇ-ਭਾਣਜੀਆਂ ਕਹਿੰਦੇ ਹਨ। ਔਰਤਾਂ ਆਪਣੀਆਂ ਭੈਣਾਂ ਦੇ ਬੱਚਿਆਂ ਨੂੰ ਭਾਣਜੇ-ਭਾਣਜੀਆਂ, ਆਪਣੇ ਅਤੇ ਆਪਣੇ ਪਤੀ ਦੇ ਭਰਾਵਾਂ ਦੇ ਬੱਚਿਆਂ ਨੂੰ ਭਤੀਜੇ-ਭਤੀਜੀਆਂ ਕਹਿੰਦੀਆਂ ਹਨ। ਮਰਦ ਆਪਣੀ ਪਤਨੀ ਦੇ ਭਰਾ ਨੂੰ ਸਾਲਾ ਅਤੇ ਉਸਦੀ ਦੀ ਘਰਵਾਲੀ ਨੂੰ ਸਾਲੇਹਾਰ ਕਹਿੰਦਾ ਹੈ ਜਦਕਿ ਪਤਨੀ ਦੀ ਭੈਣ ਨੂੰ ਸਾਲੀ ਅਤੇ ਉਸਦੇ ਪਤੀ ਨੂੰ ਸਾਢੂ ਜਾਂ ਸਾਂਢੂ ਕਹਿੰਦਾ ਹੈ। ਭੈਣ ਦੇ ਪਤੀ ਲਈ ਜੀਜਾ ਜਾਂ ਭਣੋਈਆ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਭਾਣਜੀ ਦੇ ਪਤੀ ਨੂੰ ਭਾਣਜ-ਜਵਾਈ, ਭਾਣਜੇ ਦੀ ਪਤਨੀ ਨੂੰ ਭਾਣਜ-ਨੂੰਹ, ਭਤੀਜੀ ਦੇ ਪਤੀ ਨੂੰ ਭਤੀਜ-ਜਵਾਈ ਅਤੇ ਭਤੀਜੇ ਦੀ ਪਤਨੀ ਨੂੰ ਭਤੀਜ-ਨੂੰਹ ਕਿਹਾ ਜਾਂਦਾ ਹੈ। ਆਪਣੀ ਲੜਕੀ ਦੇ ਪਤੀ ਨੂੰ ਜਵਾਈ ਕਿਹਾ ਜਾਂਦਾ ਹੈ ਅਤੇ ਰਿਸ਼ਤੇਦਾਰੀਆਂ ਵਿਚ ਜਵਾਈ ਦਾ ਦਰਜਾ ਸਭ ਤੋਂ ਉੱਚਾ ਮੰਨਿਆਂ ਜਾਂਦਾ ਹੈ। ਪੋਤਰੇ ਦੀ ਪਤਨੀ ਨੂੰ ਪੋਤ-ਨੂੰਹ, ਪੋਤਰੀ ਦੇ ਪਤੀ ਨੂੰ ਪੋਤ-ਜਵਾਈ, ਦੋਹਤੀ ਦੇ ਪਤੀ ਨੂੰ ਦੋਹਤ-ਜਵਾਈ ਅਤੇ ਦੋਹਤੇ ਦੀ ਪਤਨੀ ਨੂੰ ਦੋਹਤ-ਨੂੰਹ ਕਿਹਾ ਜਾਂਦਾ ਹੈ। ਭੈਣ ਜਾਂ ਭਰਾ ਦੀ ਸੱਸ ਅਤੇ ਸਹੁਰੇ ਨੂੰ ਮਾਸੀ-ਮਾਸੜ ਕਿਹਾ ਜਾਂਦਾ ਹੈ। ਔਰਤਾਂ ਆਪਣੇ ਪਤੀ ਦੇ ਪਰਿਵਾਰ ਨੂੰ ਦਾਦਸਰਾ ਪਰਿਵਾਰ ਅਤੇ ਨਾਨਕਿਆਂ ਦੇ ਪਰਿਵਾਰ ਨੂੰ ਨਾਨਸਰਾ ਪਰਿਵਾਰ ਕਹਿੰਦੀਆਂ ਹਨ।



ਪਤੀ ਦੀ ਦੂਸਰੀ ਪਤਨੀ ਨੂੰ ਸੌਂਕਣ ਅਤੇ ਉਸਦੇ ਪੁੱਤਰ ਨੂੰ ਮਤਰੇਆ ਪੁੱਤਰ ਕਿਹਾ ਜਾਂਦਾ ਹੈ। ਕਈ ਸਮਾਜਾਂ ਵਿਚ ਬਹੁ-ਪਤਨੀ ਪ੍ਰਥਾ ਪ੍ਰਚਲਿਤ ਰਹੀ ਹੈ ਅਤੇ ਕਈਆਂ ਵਿਚ ਇਸਨੂੰ ਹੁਣ ਤਕ ਵੀ ਮਾਨਤਾ ਮਿਲੀ ਹੋਈ ਹੈ ਪ੍ਰੰਤੂ ਕੋਈ ਵੀ ਔਰਤ ਆਪਣੀ ਸੌਂਕਣ ਨੂੰ ਪਸੰਦ ਨਹੀਂ ਕਰਦੀ ਅਤੇ ਅਕਸਰ ਕਹਿੰਦੀ ਹੈ: ਸੌਂਕਣ ਤਾਂ ਮਿੱਟੀ ਦੀ ਵੀ ਮਾਨ ਨਹੀਂ ਹੁੰਦੀ। ਮਾਵਾਂ ਆਪਣੇ ਪਹਿਲੇ ਬੱਚੇ ਨੂੰ 'ਪਲੇਠਾ' ਅਤੇ ਆਖ਼ਰੀ ਬੱਚੇ ਨੂੰ 'ਪੇਟ ਘਰੋੜੀ ਦਾ' ਕਹਿੰਦੀਆਂ ਹਨ।

ਬੱਚੇ ਆਪਣੇ ਪਿਤਾ ਦੀ ਦੂਸਰੀ ਪਤਨੀ ਅਤੇ ਆਪਣੀ ਮਤਰੇਈ ਮਾਂ ਨੂੰ ਆਮ ਤੌਰ 'ਤੇ ਮਾਸੀ ਅਤੇ ਆਪਣੀ ਮਾਂ ਦੇ ਦੂਸਰੇ ਪਤੀ ਨੂੰ ਚਾਚਾ ਜਾਂ ਬਾਪੂ ਕਹਿ ਕੇ ਸੰਬੋਧਨ ਕਰਦੇ ਹਨ। ਮਤਰੇਏ ਪੁੱਤਰ ਨੂੰ ਹੜੁੱਤ ਵੀ ਕਿਹਾ ਜਾਂਦਾ ਹੈ ਪਰ ਇਹ ਇੱਕ ਘ੍ਰਿਣਤ ਜਾਂ ਬੇ-ਸਲੀਕਾ ਸ਼ਬਦ ਮੰਨਿਆਂ ਜਾਂਦਾ ਹੈ ਅਤੇ ਇਸ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ। ਸਿਰਜੇ ਗਏ ਰਿਸ਼ਤਿਆਂ ਵਿਚੋਂ ਪਤੀ-ਪਤਨੀ ਦਾ ਰਿਸ਼ਤਾ ਸਭ ਤੋਂ ਅਹਿਮ ਅਤੇ ਸਥਾਈ ਮੰਨਿਆ ਜਾਂਦਾ ਹੈ। ਇੱਕ ਖ਼ੂਬਸੂਰਤ ਰਿਸ਼ਤਾ ਦੋਸਤਾਂ-ਮਿੱਤਰਾਂ ਦਾ ਹੁੰਦਾ ਹੈ ਜੋ ਆਪਣੀ ਮਰਜ਼ੀ ਅਤੇ ਪਸੰਦ ਅਨੁਸਾਰ ਸਿਰਜਿਆ ਜਾਂਦਾ ਹੈ, ਜਿਸ 'ਤੇ ਮਨੁੱਖ ਸਭ ਤੋਂ ਵੱਧ ਭਰੋਸਾ ਕਰ ਸਕਦਾ ਹੈ ਅਤੇ ਜੋ ਹਰ ਦੁੱਖ-ਸੁੱਖ ਵਿਚ ਉਸ ਦਾ ਸਾਥ ਦਿੰਦਾ ਹੈ। ਪੁਰਾਣੇ ਸਮੇਂ ਵਿਚ ਆਪਣੇ ਬਹੁਤ ਹੀ ਨਜ਼ਦੀਕੀ ਮਿੱਤਰ ਨਾਲ ਪੱਗ ਵਟਾ ਕੇ ਉਸਨੂੰ ਪੱਗ-ਵਟ ਭਰਾ ਕਿਹਾ ਜਾਂਦਾ ਸੀ। ਮੇਰੇ ਪਿਤਾ ਜੀ ਨੇ ਵੀ ਇੱਕ ਪੱਗ ਵੱਟ ਭਰਾ ਬਣਾਇਆ ਹੋਇਆ ਸੀ ਅਤੇ ਅਸੀਂ ਉਹਨਾਂ ਨੂੰ ਆਪਣੇ ਇਸ ਰਿਸ਼ਤੇ ਨੂੰ ਬਹੁਤ ਹੀ ਬਾਖ਼ੂਬੀ ਨਿਭਾਉਂਦੇ ਹੋਏ ਦੇਖਿਆ ਹੈ।

ਇਸੇ ਤਰ੍ਹਾਂ ਕੋਈ ਲੜਕੀ ਆਪਣੀ ਕਿਸੇ ਬਹੁਤ ਹੀ ਨਜ਼ਦੀਕੀ ਸਹੇਲੀ ਨਾਲ ਚੁੰਨੀ ਵਟਾ ਕੇ ਉਸਨੂੰ ਚੁੰਨੀ-ਵਟ ਜਾਂ ਧਰਮ ਭੈਣ ਵੀ ਬਣਾ ਲੈਂਦੀ ਸੀ। ਮੇਰੀ ਮਾਤਾ ਦੱਸਿਆ ਕਰਦੀ ਸੀ ਕਿ ਉਸ ਦੀ ਵੀ ਇੱਕ ਭੈਣ ਬਣੀ ਹੋਈ ਸੀ। ਅਸੀਂ ਉਸ ਨੂੰ ਕਦੀ ਵੀ ਨਹੀਂ ਦੇਖਿਆ। ਸ਼ਾਇਦ ਉਸ ਦੀ ਜਲਦੀ ਹੀ ਮੌਤ ਹੋ ਗਈ ਸੀ। ਅੱਜ ਕੱਲ੍ਹ ਇਹ ਪ੍ਰਥਾ ਘੱਟ ਹੀ ਦੇਖਣ ਸੁਣਨ ਵਿਚ ਆਉਂਦੀ ਹੈ। ਕੁੜੀਆਂ ਆਪਣੀ ਮਿੱਤਰ ਨੂੰ ਸਹੇਲੀ ਕਹਿ ਕੇ ਸੰਬੋਧਨ ਕਰਦੀਆਂ ਹਨ। ਵੈਸੇ ਆਧੁਨਿਕਤਾ ਦੇ ਰੰਗ ਵਿੱਚ ਰੰਗੀਆਂ ਕੁੜੀਆਂ ਅਤੇ ਮੁੰਡੇ ਹੁਣ ਇੱਕ-ਦੂਜੇ ਨੂੰ ਯਾਰ ਕਹਿ ਕੇ ਵੀ ਸੰਬੋਧਨ ਕਰਨ ਲੱਗ ਪਏ ਹਨ। ਰਿਸ਼ਤਿਆਂ ਬਾਰੇ ਇਹ ਕਿਹਾ ਜਾਣਾ ਜ਼ਰੂਰੀ ਬਣਦਾ ਹੈ ਕਿ ਇਹਨਾਂ ਦੀ ਦੂਰੀ ਜਾਂ ਨੇੜਤਾ ਵਰਤਣ 'ਤੇ ਨਿਰਭਰ ਕਰਦੀ ਹੈ। ਕਈ ਵਾਰ ਸਭ ਤੋਂ ਨੇੜੇ ਸਮਝੇ ਜਾਂਦੇ ਭਰਾਵਾਂ ਦੇ ਰਿਸ਼ਤੇ ਵਿਚ ਵੀ ਖਾਰ ਪੈ ਜਾਂਦੀ ਹੈ ਅਤੇ ਉਹ ਇੱਕ-ਦੂਜੇ ਦੇ ਸਰੀਕ ਬਣ ਜਾਂਦੇ ਹਨ। ਭਰਾਵਾਂ ਵਿਚ ਕੁੜੱਤਣ ਦਾ ਕਾਰਣ ਭਾਵੇਂ ਕੁਝ ਵੀ ਹੋਵੇ ਇਸਦਾ ਦੋਸ਼ ਆਮ ਤੌਰ 'ਤੇ ਉਹਨਾਂ ਦੀਆਂ ਪਤਨੀਆਂ ਸਿਰ ਹੀ ਮੜ੍ਹਿਆ ਜਾਂਦਾ ਹੈ। ਸ਼ਾਇਦ ਇਸ ਕਾਰਣ ਹੀ ਪੰਜਾਬ ਵਿਚ ਇਹ ਕਹਾਵਤ ਆਮ ਪ੍ਰਚਲਿਤ ਹੈ: ਆਉਣ ਪਰਾਈਆਂ ਜਾਈਆਂ, ਤੋੜਨ ਸਕਿਆਂ ਭਾਈਆਂ। ਕਈ ਵਾਰ ਦੂਰ-ਪਾਰ ਦੇ ਸਮਝੇ ਜਾਂਦੇ ਸਕੀਰੀਦਾਰਾਂ ਨਾਲ ਵੀ ਬਹੁਤ ਮੋਹ ਪਿਆਰ ਕਾਇਮ ਰਹਿੰਦਾ ਹੈ। ਇਸ ਕਾਰਣ ਹੀ ਕਿਹਾ ਜਾਂਦਾ ਹੈ: ਖੇਤ ਵਾਹੁੰਦਿਆਂ ਦਾ, ਸਕੀਰੀ ਵਰਤਦਿਆਂ ਦੀ। ਜੇਕਰ ਕੋਈ ਰਿਸ਼ਤੇਦਾਰ ਹੋਵੇ ਤਾਂ ਸਕਾ ਪਰ ਕੰਮ ਕੋਈ ਆਵੇ ਨਾ ਤਾਂ ਕਿਹਾ ਜਾਂਦਾ ਹੈ ਕਿ ਸਕਿਆਂ ਦਾ ਕੀ ਸ਼ੱਕ ਲਾਹੁਣਾ ਹੈ ਜਦ ਕੋਈ ਕੰਮ ਹੀ ਨਹੀਂ ਆਉਂਦੇ। ਰਿਸ਼ਤੇਦਾਰਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਰਿਸ਼ਤੇ ਦੀ ਸੂਖਮਤਾ ਫੁੱਲਾਂ ਦੀ ਆਬ ਵਰਗੀ ਹੁੰਦੀ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ ਤੇ ਵਿਗਾੜਿਆ ਨਹੀਂ ਜਾਣਾ ਚਾਹੀਦਾ। ਸਕੀਰੀਦਾਰਾਂ ਨਾਲ ਵਿਆਹ-ਸ਼ਾਦੀਆਂ ਵਿੱਚ ਖੁੱਲ੍ਹ ਕੇ ਮੇਲ-ਮਿਲਾਪ ਹੁੰਦਾ ਹੈ ਅਤੇ ਪੁਰਾਣੀਆਂ ਯਾਦਾਂ ਤਾਜ਼ਾ ਹੁੰਦੀਆਂ ਹਨ। ਮ੍ਰਿਗਤ ਦੇ ਭੋਗਾਂ ਸਮੇਂ ਵਿਆਹ-ਸ਼ਾਦੀਆਂ ਨਾਲੋਂ ਵੀ ਵਧੇਰੇ ਸਕੀਰੀਦਾਰ ਇਕੱਠੇ ਹੁੰਦੇ ਹਨ ਅਤੇ ਦੁੱਖ ਸਾਂਝਾ ਕਰਦੇ ਹਨ। ਸਾਡੀਆਂ ਰਿਸ਼ਤੇਦਾਰੀਆਂ ਦਾ ਇਕ ਖ਼ੂਬਸੂਰਤ ਪੱਖ ਇਹ ਹੈ ਕਿ ਅਸੀਂ ਇਹਨਾਂ ਦੀ ਭਾਵਨਾਂ ਨੂੰ ਹੁਣ ਤੱਕ ਵੀ ਜਿਉਂਦੇ ਰੱਖਿਆ ਹੈ, ਜਿਸ ਕਾਰਣ ਸਾਡੇ ਸਮਾਜਿਕ ਤਾਣੇ-ਬਾਣੇ ਵਿਚ ਕਾਫ਼ੀ ਮੋਹ-ਪਿਆਰ ਅਤੇ ਆਪਣਾਪਣ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਸ਼ਾਇਦ ਹੀ ਕਿਸੇ ਹੋਰ ਸਭਿਆਚਾਰ ਵਿਚ ਹੁੰਦਾ ਹੋਵੇ ਕਿ ਆਪਣੇ ਨਾਨਕੇ ਪਿੰਡ ਦੇ ਸਾਰੇ ਲੋਕਾਂ ਨੂੰ ਹੀ ਨਾਨੇ-ਨਾਨੀਆਂ, ਮਾਮੇ-ਮਾਮੀਆਂ ਅਤੇ ਮਾਸੀਆਂ ਆਦਿ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੋਵੇ-ਪਿੰਡ ਦੀਆਂ ਸਾਰੀਆਂ ਹੀ ਕੁੜੀਆਂ ਨੂੰ ਉਮਰ ਅਨੁਸਾਰ ਭੈਣ, ਭੂਆ, ਬੀਬੋ ਕਿਹਾ ਜਾਂਦਾ ਹੋਵੇ-ਸਾਰੇ ਹੀ ਜਾਣਕਾਰ ਬਜ਼ੁਰਗਾਂ ਨੂੰ ਬਾਬਾ ਅਤੇ ਮਾਤਾਵਾਂ ਨੂੰ ਮਾਤਾ ਜਾਂ ਬੇਬੇ ਕਿਹਾ ਜਾਂਦਾ ਹੋਵੇ-ਆਪਣੇ ਪਿਤਾ ਦੇ ਹਾਣੀਆਂ ਨੂੰ ਉਹਨਾਂ ਦੀ ਉਮਰ ਅਨੁਸਾਰ ਚਾਚਾ ਜਾਂ ਤਾਇਆ ਕਿਹਾ ਜਾਂਦਾ ਹੋਵੇ-ਆਪਣੀ ਮਾਤਾ ਦੇ ਹਾਣ ਦੀਆਂ ਔਰਤਾਂ ਨੂੰ ਚਾਚੀ, ਤਾਈ ਜਾਂ ਮਾਸੀ ਕਿਹਾ ਜਾਂਦਾ ਹੋਵੇ। ਇਹਨਾਂ ਮੋਹ-ਭਿੱਜੇ ਸੰਬੋਧਨਾਂ ਨਾਲ ਸਾਰੇ ਹੀ ਆਪਣੇ ਜਾਪਦੇ ਹਨ ਅਤੇ ਆਪਣਾ ਪਰਿਵਾਰ ਬਹੁਤ ਵੱਡਾ ਦਿਖਾਈ ਦਿੰਦਾ ਹੈ। ਕਈ ਵਾਰ ਜਦ ਕੋਈ ਵਿਅਕਤੀ ਆਪਣੇ ਭਤੀਜੇ ਜਾਂ ਭਾਣਜੇ ਨੂੰ ਰਿਸ਼ਤੇ ਵਿਚੋਂ ਆਪਣੀ ਕਿਸੇ ਸਾਲੀ ਦਾ ਸਾਕ ਲਿਆ ਦੇਵੇ ਤਾਂ ਇੱਕ ਅਜੀਬ ਰਿਸ਼ਤਾ ਸਿਰਜਿਆ ਜਾਂਦਾ ਹੈ ਅਤੇ "ਨੂੰਹ ਸੁਹਰੇ ਦੀ ਸਾਲੀ, ਦਾਦਾ ਪੋਤਰਿਆਂ ਦਾ ਮਾਸੜ' ਵਾਲੀ ਗੱਲ ਹੋ ਜਾਂਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਰਿਸ਼ਤੇਦਾਰੀਆਂ ਦਰਸਾਉਣ ਲਈ ਵਰਤੇ ਗਏ ਉਪਰੋਕਤ ਸ਼ਬਦਾਂ ਵਿਚੋਂ ਬਹੁਤੇ ਸੰਬੋਧਨ ਸ਼ਬਦ ਨਹੀਂ ਹਨ, ਕੇਵਲ ਪਹਿਚਾਣ ਸ਼ਬਦ ਹਨ। ਉਦਾਹਰਣ ਵਜੋਂ ਪਤਨੀ ਆਪਣੇ ਪਤੀ ਦੇ ਰਿਸ਼ਤੇਦਾਰਾਂ ਨੂੰ ਉਨ੍ਹਾਂ ਸ਼ਬਦਾਂ ਨਾਲ ਹੀ ਸੰਬੋਧਨ ਕਰਦੀ ਹੈ ਜਿਨ੍ਹਾਂ ਨਾਲ ਉਸ ਦਾ ਪਤੀ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਪਤੀ ਵੀ ਆਪਣੀ ਪਤਨੀ ਦੀ ਮੰਮੀ ਨੂੰ ਮੰਮੀ, ਚਾਚੀ ਨੂੰ ਚਾਚੀ ਅਤੇ ਮਾਸੀ ਨੂੰ ਮਾਸੀ ਆਦਿ ਕਹਿ ਕੇ ਹੀ ਸੰਬੋਧਨ ਕਰਦਾ ਹੈ। ਸੱਸ-ਮਾਂ ਨੂੰ ਅੱਜ-ਕੱਲ੍ਹ ਮੰਮੀ ਜਾਂ ਮਾਤਾ ਆਦਿ ਕਹਿ ਕੇ ਹੀ ਸੰਬੋਧਨ ਕੀਤਾ ਜਾਂਦਾ ਹੈ। ਪਹਿਲਾਂ ਸੱਸ ਨੂੰ ਬੋਬੀ ਜਾਂ ਬੋਬੋ ਵੀ ਕਿਹਾ ਜਾਂਦਾ ਸੀ। ਦਾਦੀ ਲਗਦੀਆਂ ਔਰਤਾਂ ਲਈ ਅੰਮਾ ਜੀ ਜਾਂ ਅੰਬੋ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਅੱਜ-ਕੱਲ੍ਹ ਭੈਣ ਲਈ ਦੀਦੀ ਸ਼ਬਦ ਦੀ ਵਰਤੋਂ ਵੀ ਕਾਫ਼ੀ ਪ੍ਰਚਲਿਤ ਹੋ ਰਹੀ ਹੈ। ਮੁਟਿਆਰਾਂ ਆਪਣੀਆਂ ਭੈਣਾਂ ਤੋਂ ਇਲਾਵਾ ਆਪਣੀਆਂ ਨਣਦਾਂ ਅਤੇ ਜਠਾਣੀਆਂ ਆਦਿ ਨੂੰ ਵੀ ਦੀਦੀ ਕਹਿ ਕੇ ਸੰਬੋਧਨ ਕਰਦੀਆਂ ਹਨ। ਇਸ ਤੋਂ ਪਹਿਲਾਂ ਨਣਦ ਲਈ ਬੀਬੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਬੱਚੇ ਆਪਣੀ ਮਾਂ ਨੂੰ ਵੀ ਬੀਬੀ ਕਹਿ ਕੇ ਸੰਬੋਧਨ ਕਰਦੇ ਹਨ। ਮਾਲਵੇ ਵਿਚ ਵੱਡੇ ਭਰਾ ਲਈ 'ਬਾਈ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੇ ਬੱਚੇ ਆਪਣੇ ਮੰਮੀ-ਪਾਪਾ ਦੀ ਰੀਸ ਨਾਲ ਉਨ੍ਹਾਂ ਦੇ ਚਾਚਾ ਜੀ ਨੂੰ ਚਾਚਾ ਜੀ, ਮਾਮਾ ਜੀ ਨੂੰ ਮਾਮਾ ਜੀ, ਮਾਸੀ ਜੀ ਨੂੰ ਮਾਸੀ ਜੀ ਅਤੇ ਭੂਆ ਜੀ ਨੂੰ ਭੂਆ ਜੀ ਆਦਿ ਕਹਿ ਕੇ ਸੰਬੋਧਨ ਕਰਦੇ ਹਨ। ਮੇਰੇ ਭਤੀਜਿਆਂ ਦੇ ਬੱਚੇ ਮੈਨੂੰ ਚਾਚਾ ਜੀ ਅਤੇ ਮੇਰੇ ਭਾਣਜਿਆਂ ਦੇ ਬੱਚੇ, ਸਗੋਂ ਉਹਨਾਂ ਦੇ ਬੱਚੇ ਵੀ, ਮੈਨੂੰ ਮਾਮਾ ਜੀ ਕਹਿ ਕੇ ਸੰਬੋਧਨ ਕਰਦੇ ਹਨ। ਮੈਂ ਕਈ ਵਾਰ ਸੁਝਾਅ ਦਿੱਤਾ ਹੈ ਕਿ ਜੇਕਰ ਮੈਨੂੰ ਦਾਦਾ ਜੀ ਜਾਂ ਨਾਨਾ ਜੀ ਨਹੀਂ ਕਹਿਣਾ ਤਾਂ ਉਹ ਮੈਨੂੰ ਰਿਸ਼ਤੇ ਅਨੁਸਾਰ ਗਰਾਚਾ (ਗਰੈਂਡ+ਚਾਚਾ) ਜੀ, ਗਰਾਮਾ (ਗਰੈਂਡ+ਮਾਮਾ) ਜੀ ਅਤੇ ਗਰੰਕਲ (ਗਰੈਂਡ+ਅੰਕਲ) ਜੀ ਆਦਿ ਕਹਿ ਸਕਦੇ ਹਨ ਪਰ ਉਨ੍ਹਾਂ ਨੂੰ ਇਹ ਸ਼ਬਦ ਪਸੰਦ ਨਹੀਂ ਆਏ।

ਸਾਡੇ ਰਿਸ਼ਤੇਦਾਰਾਂ ਅਤੇ ਰਿਸ਼ਤਿਆਂ ਬਾਰੇ ਇੱਕ ਦੋ ਹੋਰ ਗੱਲਾਂ ਦੀ ਚਰਚਾ ਕਰਨੀ ਵੀ ਬਣਦੀ ਹੈ। ਅਸੀਂ ਭਾਵੇਂ ਆਪਣੇ ਹਰ ਰਿਸ਼ਤੇ ਨੂੰ ਹੀ ਬਣਦੀ ਅਹਿਮੀਅਤ ਦੇਣ ਦੀ ਕੋਸ਼ਿਸ਼ ਕਰਦੇ ਹਾਂ ਪਰ ਕੁਝ ਰਿਸ਼ਤੇ ਵਿਸ਼ੇਸ਼ ਤੌਰ 'ਤੇ ਨੇੜਤਾ ਅਤੇ ਨਿੱਘ ਦੇਣ ਵਾਲੇ ਮੰਨੇ ਜਾਂਦੇ ਹਨ। ਉਦਾਹਰਣ ਵਜੋਂ ਮਾਂ ਦਾ ਆਪਣੇ ਬੱਚਿਆਂ ਨਾਲ ਰਿਸ਼ਤਾ, ਭੈਣ ਦਾ ਭਰਾ ਨਾਲ ਰਿਸ਼ਤਾ ਅਤੇ ਪਤੀ-ਪਤਨੀ ਦਾ ਰਿਸ਼ਤਾ ਹਰ ਪੱਖ ਤੋਂ ਲਾਸਾਨੀ ਮੰਨੇ ਗਏ ਹਨ। ਇਸੇ ਤਰ੍ਹਾਂ ਭਰਜਾਈ ਦਾ ਆਪਣੇ ਦਿਓਰ ਨਾਲ ਸਨੇਹ, ਭੂਆ ਦਾ ਆਪਣੇ ਭਤੀਜੇ-ਭਤੀਜੀਆਂ ਨਾਲ ਪਿਆਰ ਅਤੇ ਮਾਮਿਆਂ ਦਾ ਆਪਣੇ ਭਾਣਜੇ-ਭਾਣਜੀਆਂ ਨਾਲ ਲਗਾਵ ਵੀ ਵਿਲੱਖਣ ਹੁੰਦਾ ਹੈ। ਦਾਦਾ-ਦਾਦੀ ਲਈ ਪੋਤੇ-ਪੋਤੀਆਂ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰੇ ਹੁੰਦੇ ਹਨ ਜਿਸ ਕਾਰਣ ਅਕਸਰ ਕਿਹਾ ਜਾਂਦਾ ਹੈ ਕਿ ਮੂਲ ਨਾਲੋਂ ਵਿਆਜ ਵੱਧ ਪਿਆਰਾ ਹੁੰਦਾ ਹੈ। ਔਰਤ ਦਾ ਆਪਣੇ ਪੇਕਿਆਂ ਨਾਲ ਹਮੇਸ਼ਾ ਹੀ ਖਾਸ ਲਗਾਵ ਰਹਿੰਦਾ ਹੈ ਅਤੇ ਉਸ ਦੀ ਉਮਰ ਭਾਵੇਂ ਕਿੰਨੀ ਵੀ ਹੋ ਜਾਵੇ, ਇਹ ਘੱਟ ਨਹੀਂ ਹੁੰਦਾ। ਔਰਤਾਂ ਦੇ ਪੇਕਿਆਂ ਪ੍ਰਤੀ ਸਨੇਹ ਅਤੇ ਲਗਾਵ ਨੂੰ ਪ੍ਰਗਟ ਕਰਨ ਲਈ ਕਿਹਾ ਜਾਂਦਾ ਹੈ: ਟੋਭੇ ਵੜੀ ਮੱਝ ਅਤੇ ਪੇਕੇ ਵੜੀ ਤੀਵੀਂ ਮੁਸ਼ਕਲ ਨਾਲ ਹੀ ਬਾਹਰ ਆਉਂਦੀ ਹੈ। ਜਦ ਕਿਸੇ ਰਿਸ਼ਤੇ ਵਿਚੋਂ ਅਪਣੱਤ, ਵਿਸ਼ਵਾਸ, ਸਨੇਹ ਅਤੇ ਨਿੱਘ ਸਮਾਪਤ ਹੋ ਜਾਵੇ ਤਾਂ ਉਹ ਰਿਸ਼ਤਾ ਕੇਵਲ ਨਾਂ ਦਾ ਹੀ ਰਿਸ਼ਤਾ ਰਹਿ ਜਾਂਦਾ ਹੈ। ਇਸ ਕਾਰਣ ਸਾਡੇ ਕੁਝ ਰਿਸ਼ਤੇਦਾਰ ਕੇਵਲ 'ਭੋਗਾਂ ਵਾਲੇ ਰਿਸ਼ਤੇਦਾਰ' ਹੀ ਰਹਿ ਜਾਂਦੇ ਹਨ। ਇਨ੍ਹਾਂ ਨਾਲ ਉਂਝ ਤਾਂ ਕੋਈ ਆਉਣ-ਜਾਣ ਨਹੀਂ ਹੁੰਦਾ ਪਰ ਜਦ ਪਰਿਵਾਰ ਵਿਚ ਕਿਸੇ ਦੀ ਮੌਤ ਹੋ ਜਾਵੇ ਤਾਂ ਭੋਗ 'ਤੇ ਜ਼ਰੂਰ ਆਇਆ-ਜਾਇਆ ਜਾਂਦਾ ਹੈ। ਇੱਕ ਹੋਰ ਕਿਸਮ ਦੇ ਰਿਸ਼ਤੇਦਾਰ 'ਮੌਕਾ-ਪ੍ਰਸਤ ਰਿਸ਼ਤੇਦਾਰ' ਕਹਾਉਂਦੇ ਹਨ। ਇਹ ਉਂਝ ਤਾਂ ਕਦੀ ਮਿਲਦੇ-ਗਿਲਦੇ ਨਹੀਂ ਪਰ ਜਦ ਕੋਈ ਗੌਂ-ਗਰਜ਼ ਹੋਵੇ ਤਾਂ ਝੱਟ ਹੀ ਨੇੜਤਾ ਜਿਤਾਉਣ ਲੱਗਦੇ ਹਨ ਤੇ ਜਦ ਗਰਜ ਪੂਰੀ ਹੋ ਜਾਵੇ, ਮੁੜ ਪਹਿਲਾਂ ਵਾਂਗ ਹੀ ਵਿਵਹਾਰ ਕਰਦੇ ਹਨ। ਸੱਚੇ ਰਿਸ਼ਤੇਦਾਰ ਸਾਡੀ ਅਜਿਹੀ ਪੂੰਜੀ ਹੁੰਦੇ ਹਨ ਜੋ ਸਾਨੂੰ ਹਰ ਹਾਲਤ ਵਿਚ ਸਕੂਨ ਦਿੰਦੇ ਹਨ ਅਤੇ ਸਾਡੇ ਮਨੋਬਲ ਵਿਚ ਵਾਧਾ ਕਰਦੇ ਹਨ।

# ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਇ ਜੀ

ਸਿੱਖ ਧਰਮ ਦੀ ਉਮਰ ਬੇਸ਼ੱਕ ਬਾਕੀ ਧਰਮਾਂ ਨਾਲੋਂ ਛੋਟੀ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਨੇੜੇ ਹੈ। ਸਿੱਖੀ ਅਸਲ ਵਿੱਚ ਗੁਰੂ ਨਾਨਕ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਅਜਿਹੀ ਜੀਵਨ ਜਾਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਸ੍ਰੀ ਗੁਰੂ ਹਰਿ ਰਾਇ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਅਤੇ ਮਾਤਾ ਨਿਹਾਲ ਕੌਰ ਦੇ ਘਰ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਉਨ੍ਹਾਂ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ।

ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ।

ਸ੍ਰੀ ਗੁਰੂ ਹਰਿ ਰਾਇ ਜੀ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ, ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ 'ਤੇ ਆਪ 13-14 ਸਾਲ ਦੀ ਉਮਰ ਤਕ ਸ਼ਸਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ। ਆਪ ਜਿੱਥੇ ਗਿਆਨਵਾਨ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਸੀ।

ਸ੍ਰੀ ਗੁਰੂ ਹਰਿ ਰਾਏ ਜੀ ਦੀ ਸ਼ਾਦੀ ਅਨੂਪ ਸ਼ਹਿਰ (ਯੂਪੀ) ਦੇ ਵਸਨੀਕ ਦਇਆ ਰਾਮ ਦੀ ਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ ਹੋਈ। ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿ ਬ ਜੀ 3 ਮਾਰਚ 1644 ਈਸਵੀ ਨੂੰ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਪੁੱਤਰ ਬਾਬਾ ਬੁੱਢਾ ਜੀ) ਨੇ ਗੁਰੂ ਹਰਿ ਰਾਇ ਨੂੰ ਗੁਰਿਆਈ ਦਾ ਤਿਲਕ ਲਗਾਇਆ। ਗੁਰੂ ਹਰਿ ਰਾਇ ਜੀ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ। ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਸਨ। ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ।

ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਵੀ ਕੀਤੀ। ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਅਨੁਸਾਰ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖ਼ੁਸ਼ ਕਰ ਲਿਆ ਪਰ ਗੁਰੂ ਘਰ ਨਾਲ ਸਦਾ ਵਾਸਤੇ ਨਾਰਾਜ਼ਗੀ ਮੁੱਲ ਲੈ ਲਈ।



ਗੁਰੂ ਹਰਿ ਰਾਏ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿ ਰਾਇ ਜੀ ਦਾ ਅਖ਼ਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈਸਵੀ (ਸੰਮਤ 1718) ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

# ਸ਼ਹੀਦ ਬਾਬਾ ਫੂਲਾ ਸਿੰਘ ਜੀ ਅਕਾਲੀ

**ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਸਾਹਿਬ ਦੇ ਟਹਿਲੇ ਲਈ ਬਹੁਤ ਸਾਰੀ ਮਾਇਆ ਅਰਦਾਸ ਕਰਾਈ। ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਲਈ ਕਈ ਜੰਗਾਂ ਲੜੀਆਂ।**



ਧਰਮਿੰਦਰ ਸਿੰਘ (ਚੱਬਾ)

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁੱਖੀ ਬਾਬਾ ਫੂਲਾ ਸਿੰਘ ਜੀ ਅਕਾਲੀ ਇੱਕ ਨਿਰਭੈਅ ਤੇ ਨਿਧੱੜਕ ਜੋਧੇ ਸਨ। ਅਕਾਲੀ ਫੂਲਾ ਸਿੰਘ ਦਾ ਜਨਮ 1760 ਈ: ਵਿੱਚ ਪਿਤਾ ਸ. ਈਸ਼ਰ ਸਿੰਘ ਤੇ ਮਾਤਾ ਹਰਿ ਕੌਰ ਦੇ ਘਰ ਪਿੰਡ ਸ਼ੀਹਾਂ ਜਿਲ੍ਹਾ ਸੰਗਰੂਰ ਵਿੱਚ ਹੋਇਆ। ਆਪ ਦੋ ਭਰਾ ਸਨ। ਸ੍ਰ. ਸੰਤ ਸਿੰਘ ਛੋਟਾ ਸੀ। ਬਚਪਨ ਤੋਂ ਕੁੱਝ ਸਮੇਂ (ਦੋ ਸਾਲ) ਬਾਅਦ ਹੀ ਜਦ 1762 ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹੱਲਾ ਬੋਲਿਆ ਤਾਂ ਆਪ ਦੇ ਪਿਤਾ ਸ. ਈਸ਼ਰ ਸਿੰਘ ਦੀ ਨਿਸ਼ਾਨ ਵਾਲੀ ਮਿਸਲ ਨੇ ਵੱਧ ਚੜ੍ਹ ਕੇ ਵੈਰੀਆਂ ਦਾ ਟਾਕਰਾ ਕੀਤਾ। ਇਸੇ ਲੜਾਈ ਦੌਰਾਨ ਕਈ ਸਿੰਘ ਸ਼ਹੀਦ ਹੋ ਗਏ, ਉਪਰੰਤ ਆਪ ਦੇ ਪਿਤਾ ਦੇ ਵੀ ਕਾਫੀ ਡੂੰਘਾ ਫੱਟ ਲੱਗਾ। ਇਸੇ ਦੌਰਾਨ ਆਪ ਨੂੰ ਪਿੰਡ ਪਹੁੰਚਾਇਆ ਗਿਆ। ਆਪ ਦੇ ਪਿਤਾ ਨੇ ਇੰਨ੍ਹਾਂ ਦੋਵਾਂ ਭਰਾਵਾਂ ਨੂੰ ਸ. ਨਰੈਣ ਸਿੰਘ ਦੇ ਹਵਾਲੇ ਕਰਕੇ, ਆਪ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦ ਹੋ ਗਏ। ਬਾਬਾ ਨਰੈਣ ਸਿੰਘ ਨੇ ਦੋਵਾਂ ਭਰਾਵਾਂ ਨੂੰ ਧਾਰਮਿਕ ਵਿੱਦਿਆ, ਸ਼ਸਤਰ ਵਿੱਦਿਆ ਤੇ ਘੋੜ ਸਵਾਰੀ ਵਿੱਚ ਨਿਪੁੰਨ ਕੀਤਾ। ਜਦ ਆਪ ਦੀ ਉਮਰ 14 ਸਾਲ ਸੀ ਤਾਂ ਆਪ ਦੀ ਮਾਤਾ ਪੌੜੀ ਤੋਂ ਡਿੱਗਣ ਕਾਰਣ ਰੱਬ ਨੂੰ ਪਿਆਰੀ ਹੋ ਗਈ। ਆਪਣੀ ਮਾਤਾ ਦੇ ਸਸਕਾਰ ਤੋਂ ਬਾਅਦ ਆਪ ਆਪਣਾ ਘਰ ਬਾਰ ਛੱਡ ਕੇ ਤੇ ਬਾਬਾ ਨਰੈਣ ਸਿੰਘ ਪਾਸੋਂ ਅੰਮ੍ਰਿਤ ਛੱਕ ਕੇ ਸ਼ਹੀਦਾਂ ਦੀ ਮਿਸਲ ਵਿੱਚ ਦਾਖਲ ਹੋ ਗਏ ਤੇ ਆਪ ਨੇ ਸਾਦਾ ਜੀਵਨ ਬਿਤਾਣਾ ਸ਼ੁਰੂ ਕਰ ਦਿੱਤਾ। ਆਪ ਨੇ ਅਨੰਦਪੁਰ ਸਾਹਬ ਵਿੱਚ ਧਰਮ ਖਾਤਰ ਕਈ ਲੜਾਈਆਂ ਲੜੀਆਂ। ਆਪ ਦਾ ਮਾਨ-ਸਨਮਾਨ ਤੇ ਰੁੱਤਬਾ ਸਾਰੇ ਜਥੇ ਵਿੱਚ ਬਹੁਤ ਵੱਧ ਗਿਆ ਸੀ। ਜਦ 1800 ਈ: ਵਿੱਚ ਬਾਬਾ ਨਰੈਣ ਸਿੰਘ ਪਰਲੋਕ ਸੁਧਾਰ ਗਏ ਤਾਂ ਆਪ ਨੂੰ ਜਥੇ ਦਾ ਜਥੇਦਾਰ ਥਾਪਿਆ ਗਿਆ। ਫਿਰ ਅੰਮ੍ਰਿਤਸਰ ਸਾਹਬ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ, ਆਪ ਅੰਮ੍ਰਿਤਸਰ ਸਾਹਬ ਆ ਗਏ। ਬੁਰਜ਼ ਅਕਾਲੀ ਫੂਲਾ ਸਿੰਘ ਵਿਖੇ ਆਪ ਨੇ ਆਪਣੀ ਰਿਹਾਇਸ਼ ਰੱਖੀ। ਜਦ ਮਹਾਰਾਜਾ ਰਣਜੀਤ ਸਿੰਘ ਨੇ 1801-02 ਦਰਮਿਆਨ ਅੰਮ੍ਰਿਤਸਰ ਨੂੰ ਆਪਣੇ ਰਾਜ ਵਿੱਚ ਮਿਲਾਉਣ ਖਾਤਰ ਹਮਲਾ ਕੀਤਾ ਤਾਂ ਭੰਗੀ ਸਰਦਾਰਾਂ ਅਤੇ ਮਹਾਰਾਜਾ ਦੀ ਅਕਾਲੀ ਫੂਲਾ ਸਿੰਘ ਨੇ ਸੁਲ੍ਹਾ ਕਰਵਾ ਕੇ ਸਿੱਖਾਂ ਨੂੰ ਆਪਸ ਵਿੱਚ ਲੜਣੋ ਰੋਕਿਆ ਤੇ ਭੰਗੀ ਸਰਦਾਰਾਂ ਨੂੰ ਮਹਾਰਾਜੇ ਨੇ ਜਗੀਰ ਬਖਸ਼ ਦਿੱਤੀ। ਇਸ ਨਾਲ ਅੰਮ੍ਰਿਤਸਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਸਾਹਬ ਦੇ ਟਹਿਲੇ ਲਈ ਬਹੁਤ ਸਾਰੀ ਮਾਇਆ ਅਰਦਾਸ ਕਰਾਈ। ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਲਈ ਕਈ ਜੰਗਾਂ ਲੜੀਆਂ। ਕਸੂਰ ਦੀ ਜੰਗ ਦੌਰਾਨ ਅਕਾਲੀ ਫੂਲਾ ਸਿੰਘ ਨੇ ਆਪਣੀ ਬਹਾਦਰੀ ਦੇ ਐਸੇ ਜੋਹਰ ਵਿਖਾਏ ਕਿ ਮਹਾਰਾਜਾ ਰਣਜੀਤ ਸਿੰਘ ਅਸ਼-ਅਸ਼ ਕਰ ਉੱਠੇ। ਜਦ ਖਾਲਸਈ ਦਲ ਨੇ ਕਸੂਰ ਨੂੰ ਜਾ ਘੇਰਾ ਪਾਇਆ ਤਾਂ ਕੁਤਬਦੀਨ ਬਹੁਤ ਵੱਡੇ ਤੇ ਮਜਬੂਤ ਕਿਲੇ ਵਿੱਚ ਬੈਠਾ ਸੀ। ਅਕਾਲੀ ਫੂਲਾ ਸਿੰਘ ਨੇ ਤੋਪਾਂ ਬੀੜ ਕੇ ਗੋਲੇ ਵਰਸਾਏ। ਕੁਤਬਦੀਨ ਵੀ ਬੜੀ ਬਹਾਦਰੀ ਨਾਲ ਲੜਿਆ। ਉਸਨੇ ਲੜਾਈ ਨੂੰ ਕਈ ਦਿਨਾਂ ਤੱਕ ਲਮਕਾਈ ਰੱਖਿਆ। ਅੰਤ ਅਕਾਲੀ ਫੂਲਾ ਸਿੰਘ ਨੇ ਰਾਤੋ-ਰਾਤ ਕਿਲੇ ਦੀਆਂ ਦੀਵਾਰਾਂ ਹੇਠ ਸੁਰੰਗਾਂ ਲਗਾ ਕੇ ਬਾਰੂਦ ਭਰ ਦਿੱਤਾ ਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਬਾਰੂਦ ਨਾਲ ਕਿਲ੍ਹੇ ਦੀਆਂ ਦੀਵਾਰਾਂ ਨੂੰ ਉਡਾ ਦਿੱਤਾ। ਕਿਲ੍ਹੇ ਦੀਆਂ ਕੰਧਾਂ ਢਹਿ ਗਈਆ ਤਾਂ ਉਸੇ ਵਕਤ ਆਪ ਨੇ ਹਮਲਾ ਕਰਕੇ ਕਿਲ੍ਹੇ 'ਤੇ ਆਪਣਾ ਕਬਜ਼ਾ ਜਮਾ ਲਿਆ। ਕੁਤਬਦੀਨ ਨੂੰ ਫੜ੍ਹ ਕੇ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਕੁਤਬਦੀਨ ਦੀ ਅਰਜੋਈ ਤੇ ਮਹਾਰਾਜੇ ਨੇ ਉਸਦਾ ਗੁਨਾਹ ਬਖਸ਼ ਦਿੱਤਾ। ਅਕਾਲੀ ਫੂਲਾ ਸਿੰਘ ਆਪਣੀ ਗੱਲ ਕਹਿਣ ਵਿੱਚ ਬਹੁਤ ਦਲੇਰ ਸੀ। ਆਪ ਨੂੰ ਜਦ ਡੋਗਰਿਆਂ ਦੀਆਂ ਧੜੇਬੰਦੀਆਂ ਦੀ ਖ਼ਬਰ ਹੋਈ ਤਾਂ ਆਪ ਨੇ ਬੇਝਿੱਜਕ ਮਹਾਰਾਜੇ ਨੂੰ ਖਰੀਆਂ-ਖਰੀਆਂ ਸੁਣਾਈਆਂ। ਇੱਕ ਮਿਸਾਲ ਹੋਰ ਮਿਲਦੀ ਹੈ ਕਿ ਇੱਕ ਵਾਰ ਮਹਾਰਾਜੇ ਕੋਲੋਂ ਕੋਈ ਭੁੱਲ ਹੋ ਗਈ ਸੀ, ਜਿਸ ਲਈ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਬਾਵਜੂਦ ਇਸ ਦੇ ਮਹਾਰਾਜਾ ਰਣਜੀਤ ਸਿੰਘ ਹਰਿਮੰਦਰ ਸਾਹਬ ਜੀ ਦੇ ਦਰਸ਼ਨਾਂ ਨੂੰ ਆ ਰਹੇ ਸਨ। ਕਿਸੇ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਇਹ ਖ਼ਬਰ ਜਾ ਸੁਣਾਈ। ਅਕਾਲੀ ਜੀ ਅੱਖ ਦੇ ਫੋਰ ਵਿੱਚ ਨੰਗੀ ਤਲਵਾਰ ਲੈ ਕੇ ਦਰਸ਼ਨੀ ਡਿਉੜੀ ਅੱਗੇ ਜਾ ਖਲੋਤੇ ਤੇ ਮਹਾਰਾਜੇ ਨੂੰ ਅੰਦਰ ਨਹੀਂ ਜਾਣ ਦਿੱਤਾ। ਮਹਾਰਾਜਾ ਉਸੀ ਵਕਤ ਪਿਛਾਂਹ ਹੋ ਗਿਆ ਤੇ ਹੱਥ ਜੋੜ ਕੇ ਮਾਫੀ ਮੰਗੀ ਤੇ ਭੁੱਲ ਬਖਸ਼ਾਉਣ ਲਈ ਮਿੰਨਤ ਕੀਤੀ ਕਿ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਇਹ ਨਿਰਧਾਰਿਤ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਬ ਦੇ ਸਾਹਮਣੇ ਇਮਲੀ ਦੇ ਬੂਟੇ ਨਾਲ ਮਹਾਰਾਜੇ ਦੀਆਂ ਮੁਸ਼ਕਾਂ ਕੱਸੀਆਂ ਜਾਣ ਤੇ ਸਰੀਰ ਤੇ 21 ਕੋਰੜੇ ਲਾਏ ਜਾਣ। ਜਦ ਮਹਾਰਾਜਾ ਨਿਮਰਤਾ ਸਹਿਤ ਹੱਥ ਪਿੱਛੇ ਕਰਕੇ ਮੁਸ਼ਕਾਂ ਬੰਨਾਣ ਤੇ ਕੋਰੜੇ ਖਾਣ ਲਈ ਤਿਆਰ ਹੋ ਗਿਆ ਤਾਂ ਉਸੀ ਵਕਤ ਮਹਾਰਾਜੇ ਦੀ ਸਾਦਗੀ, ਨਿਮਰਤਾ ਤੇ ਗੁਰੂ ਘਰ ਪ੍ਰਤੀ ਸ਼ਰਧਾ ਵੇਖ ਕੇ ਸਾਰੀ ਸੰਗਤ ਦੇ ਨੇਤਰ ਜਲ ਨਾਲ ਭਰ ਆਏ। ਸੰਗਤ ਨੇ ਅਕਾਲੀ ਫੂਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜਾ ਸਾਹਬ ਨੂੰ ਬਖਸ਼ ਦਿੱਤਾ ਜਾਏ। ਅਕਾਲੀ ਫੂਲਾ ਸਿੰਘ ਜੀ ਨੇ ਸੰਗਤ ਦੀ ਇਹ ਗੱਲ ਪ੍ਰਵਾਨ ਕੀਤੀ ਗਈ ਤੇ ਮਹਾਰਾਜੇ ਨੂੰ ਮੁਆਫ ਕਰ ਦਿੱਤਾ ਗਿਆ ਤੇ ਸ੍ਰੀ ਅਕਾਲ ਤਖਤ ਸਾਹਬ ਵੱਲੋਂ ਸਿਰੋਪਾ ਬਖਸ਼ ਕੇ ਦਰਸ਼ਨਾਂ ਲਈ ਅੰਦਰ ਜਾਣ ਦਿੱਤਾ। ਅੰਤ 14 ਮਾਰਚ 1823 ਨੂੰ ਆਪ ਨੌਸ਼ਹਿਰੇ ਦੀ ਆਖਰੀ ਲੜਾਈ ਵਿੱਚ ਜਿੱਤ ਦਾ ਪਰਚਮ ਲਹਿਰਾ ਕੇ ਸ਼ਹੀਦੀ ਜਾਮ ਪੀ ਗਏ। ਇਹ ਲੜਾਈ ਵੀ ਬਾਕੀ ਲੜਾਈਆਂ ਦੀ ਤਰ੍ਹਾਂ ਆਪ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ। ਇਸ ਵਾਰ ਵੀ 14 ਮਾਰਚ ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁੱਖੀ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96ਵੇਂ ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਮੱਲ ਅਖਾੜਾ ਪਾ: ਛੇਵੀਂ, ਬੁਰਜ ਅਕਾਲੀ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਜਿਸ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਹਿਬਾਨ, ਸੰਤ ਮਹਾਂਪੁਰਸ਼ ਵਿਸ਼ੇਸ਼ ਤੌਰ 'ਤੇ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਿੱਖ ਪੰਥ ਦੇ ਨਾਮਵਰ ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਸਿੱਖ ਸੰਗਤਾਂ ਨੂੰ ਗੁਰੂ ਘਰ ਦਾ ਜੱਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਸਰਦੀ-ਜ਼ੁਕਾਮ ਸਣੇ ਸਰੀਰ ਦੀਆਂ ਕਈ ਸਮੱਸਿਆਵਾਂ ਤੋਂ ਨਿਜ਼ਾਤ ਦਿਵਾਉਂਦੀ ਹੈ ਤੁਲਸੀ ਦੀ ਚਾਹ

ਔਸ਼ਧੀ ਗੁਣਾਂ ਨਾਲ ਭਰਪੂਰ ਤੁਲਸੀ ਸਿਹਤ ਲਈ ਬੇਹੱਦ ਹੀ ਲਾਹੇਵੰਦ ਮੰਨੀ ਜਾਂਦੀ ਹੈ। ਤੁਲਸੀ ਦਾ ਸੇਵਨ ਤੁਸੀਂ ਚਾਹ ਬਣਾਉਣ 'ਚ ਵੀ ਕਰ ਸਕਦੇ ਹੋ। ਸਰਦੀ-ਜ਼ੁਕਾਮ ਤੋਂ ਛੁਟਕਾਰਾ ਪਾਉਣ ਲਈ ਜੇਕਰ ਤੁਲਸੀ ਦੀ ਚਾਹ ਬਣਾ ਕੇ ਪੀਤੀ ਜਾਵੇ ਤਾਂ ਬੇਹੱਦ ਲਾਭ ਮਿਲਦਾ ਹੈ। ਇਸ ਤੋਂ ਇਲਾਵਾ ਤੁਲਸੀ ਦੀ ਚਾਹ ਪੀਣ ਨਾਲ ਹੋਰ ਵੀ ਕਈ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਅੱਜ ਅਸੀਂ ਤੁਹਾਨੂੰ ਤੁਲਸੀ ਦੀ ਚਾਹ ਪੀਣ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਉਨ੍ਹਾਂ ਫਾਇਦਿਆਂ ਬਾਰੇ...



ਤਣਾਅ ਤੋਂ ਦੇਵੇ ਰਾਹਤ

ਮਹਿਲਾਵਾਂ ਨੂੰ ਅਕਸਰ ਹਾਰਮੋਨਲਸ ਬਦਲਾਅ ਦੇ ਚਲਦਿਆਂ ਤਣਾਅ ਅਤੇ ਸਟਰੈੱਸ ਦਾ ਸਾਹਮਣਾ ਕਰਨਾ ਪੈਂਦਾ ਹੈ। ਤਣਾਅ ਤੋਂ ਛੁਟਕਾਰਾ ਪਾਉਣ ਲਈ ਤੁਹਾਨੂੰ ਰੋਜ਼ਾਨਾ ਤੁਲਸੀ ਦੀ ਚਾਹ ਦਾ ਸੇਵਨ ਕਰਨਾ ਚਾਹੀਦਾ ਹੈ।

ਮੂੰਹ 'ਚੋਂ ਆਉਣ ਵਾਲੀ ਬਦਬੂ ਤੋਂ ਦੇਵੇ ਰਾਹਤ

ਮੂੰਹ 'ਚੋਂ ਆਉਣ ਵਾਲੀ ਬਦਬੂ ਦਾ ਸੰਬੰਧ ਤੁਹਾਡੇ ਪਾਚਨ ਤੰਤਰ ਨਾਲ ਹੈ। ਜਿਸ ਦਾ ਪਾਚਨ ਤੰਤਰ ਮਜ਼ਬੂਤ ਹੁੰਦਾ ਹੈ, ਉਨ੍ਹਾਂ ਦੇ ਮੂੰਹ 'ਚੋਂ ਕਿਸੇ ਤਰ੍ਹਾਂ ਦੀ ਬਦਬੂ ਨਹੀਂ ਆਉਂਦੀ।ਤੁਲਸੀ ਦੀ ਚਾਹ ਮੂੰਹ 'ਚੋਂ ਆਉਣ ਵਾਲੀ ਬਦਬੂ ਤੋਂ ਰਾਹਤ ਦਿਵਾਉਣ 'ਚ ਸਹਾਇਕ ਹੁੰਦੀ ਹੈ। ਇਸ ਕਰਕੇ ਇਕ ਜਾਂ ਦੋ ਕੱਪ ਰੋਜ਼ਾਨਾ ਤੁਲਸੀ ਦੀ ਚਾਹ ਦਾ ਸੇਵਨ ਕਰਨਾ ਚਾਹੀਦਾ ਹੈ।

ਸਰਦੀ-ਖਾਂਸੀ ਤੋਂ ਦੇਵੇ ਛੁਟਕਾਰਾ

ਸਰਦੀ ਦੇ ਮੌਸਮ 'ਚ ਕੁਝ ਲੋਕਾਂ ਨੂੰ ਸਰਦੀ-ਜ਼ੁਕਾਮ ਦੀ ਸਮੱਸਿਆ ਹੋ ਜਾਂਦੀ ਹੈ। ਅੱਜਕਲ੍ਹ ਵੀ ਇਸੇ ਤਰ੍ਹਾਂ ਵਾਇਰਲ ਇੰਫੈਕਸ਼ਨ ਦਾ ਪ੍ਰਭਾਵ ਵੱਧਦਾ ਜਾ ਰਿਹਾ ਹੈ। ਜੇਕਰ ਤੁਸੀਂ ਵੀ ਸਰਦੀ-ਜ਼ੁਕਾਮ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਦੋ ਕੱਪ ਤੁਲਸੀ ਦੀ ਚਾਹ ਦਾ ਸੇਵਨ ਕਰੋ। ਇਸ ਤੋਂ ਇਲਾਵਾ ਤੁਸੀਂ ਤੁਲਸੀ ਦੀ ਚਾਹ 'ਚ ਨਿੰਬੂ ਵੀ ਪਾ ਕੇ ਪੀ ਸਕਦੇ ਹੋ। ਅਜਿਹਾ ਕਰਨ ਨਾਲ ਵੀ ਬੇਹੱਦ ਲਾਭ ਮਿਲੇਗਾ।

ਕੈਂਸਰ ਤੋਂ ਕਰੇ ਬਚਾਅ

ਤੁਲਸੀ ਦੀ ਚਾਹ ਕੈਂਸਰ ਵਰਗੀ ਗੰਭੀਰ ਬੀਮਾਰੀ ਤੋਂ ਵੀ ਛੁਟਕਾਰਾ ਦਿਵਾਉਣ 'ਚ ਸਹਾਇਕ ਹੁੰਦੀ ਹੈ। ਜ਼ਿਆਦਾਤਰ ਔਰਤਾਂ 'ਚ ਬ੍ਰੈਸਟ ਕੈਂਸਰ ਦੀ ਸਮੱਸਿਆ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਅਜਿਹੇ 'ਚ ਇਸ ਬੀਮਾਰੀ ਤੋਂ ਰਾਹਤ ਪਾਉਣ ਲਈ ਤੁਹਾਨੂੰ ਰੋਜ਼ਾਨਾ ਤੁਲਸੀ ਦੀ ਚਾਹ ਦਾ ਸੇਵਨ ਕਰਨਾ ਚਾਹੀਦਾ ਹੈ।

ਭਾਰ ਘਟਾਉਣ 'ਚ ਫਾਇਦੇਮੰਦ ਹੁੰਦੀ ਹੈ @ਤੁਲਸੀ@ - ਇਸ ਔਸ਼ਧੀ ਬੂਟੇ ਦੀਆਂ ਪੱਤੀਆਂ ਤੁਹਾਡਾ ਮੈਟਾਬੋਲੀਜ਼ਮ ਵਧਾਉਣ 'ਚ ਮਦਦ ਕਰਦੀਆਂ ਹਨ। ਅਸਲ 'ਚ ਤੁਹਾਡਾ ਮੈਟਾਬੋਲੀਜ਼ਮ ਜਿੰਨਾ ਤੇਜ਼ ਹੋਵੇਗਾ, ਓਨੀ ਹੀ ਜ਼ਿਆਦਾ ਕੈਲਰੀ ਬਰਨ ਹੋਵੇਗੀ। ਤੁਹਾਡੀ ਦੈਨਿਕ ਖੁਰਾਕ 'ਚ ਤੁਲਸੀ ਨੂੰ ਸ਼ਾਮਲ ਕਰਨ ਨਾਲ ਤੁਹਾਡੇ ਸਰੀਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਕੱਢਣ ਅਤੇ ਪੋਸ਼ਟਿਕ ਤੱਤਾਂ ਨੂੰ ਸੋਖਣ 'ਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਪਵਿੱਤਰ ਤੁਲਸੀ ਨਾ ਸਿਰਫ ਕੈਲਰੀ ਬਰਨ ਕਰਦੀ ਬਲਕਿ ਲੋੜੀਂਦੇ ਪੋਸ਼ਟਿਕ ਤੱਤਾਂ ਦੇ ਮਾਮਲੇ 'ਚ ਸਰਬੋਤਮ ਹੈ।

# ਨਹਾਉਣ ਵਾਲੇ ਪਾਣੀ 'ਚ ਮਿਲਾਓ ਇਹ ਚੀਜ਼ਾਂ, ਨਕਾਰਾਤਮਕ ਊਰਜਾ ਹੋ ਜਾਵੇਗੀ ਦੂਰ

ਨਹਾਉਣ ਨਾਲ ਸਰੀਰ ਦੀ ਮੈਲ ਦੂਰ ਹੁੰਦੀ ਹੈ ਅਤੇ ਥਕਾਵਟ ਘੱਟ ਹੁੰਦੀ ਹੈ। ਪਰ ਜੋਤਿਸ਼ ਸ਼ਾਸਤਰ ਅਨੁਸਾਰ ਨਹਾਉਣ ਵਾਲੇ ਪਾਣੀ 'ਚ ਕੁਝ ਚੀਜ਼ਾਂ ਮਿਲਾ ਕੇ ਨਹਾਉਣ ਨਾਲ ਕਿਸਮਤ ਚਮਕ ਸਕਦੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਨਾਲ ਜੀਵਨ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ ਅਤੇ ਤਰੱਕੀ ਅਤੇ ਸਫਲਤਾ ਦਾ ਰਾਹ ਖੁੱਲ੍ਹਦਾ ਹੈ।

ਨਹਾਉਣ ਵਾਲੇ ਪਾਣੀ 'ਚ ਹਲਦੀ ਮਿਲਾਓ

ਪਾਣੀ ਵਿੱਚ ਇੱਕ ਚੁਟਕੀ ਹਲਦੀ ਮਿਲਾ ਕੇ ਇਸ਼ਨਾਨ ਕਰਨ ਨਾਲ ਆਲੇ-ਦੁਆਲੇ ਦੀ ਨਕਾਰਾਤਮਕ ਊਰਜਾ ਸਕਾਰਾਤਮਕ ਊਰਜਾ ਵਿੱਚ ਬਦਲ ਜਾਂਦੀ ਹੈ। ਇਸ ਦੇ ਨਾਲ ਹੀ ਅਜਿਹਾ ਕਰਨ ਨਾਲ ਨੌਕਰੀ ਦੀ ਇੰਟਰਵਿਊ ਜਾਂ ਕਾਰੋਬਾਰ ਦੇ ਕਿਸੇ ਵੀ ਕੰਮ ਲਈ ਬਾਹਰ ਜਾਣ ਵੇਲੇ ਵੀ ਕੰਮ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ।



ਨਹਾਉਣ ਵਾਲੇ ਪਾਣੀ 'ਚ ਤਿਲ ਮਿਲਾਓ

ਜੋਤਿਸ਼ ਸ਼ਾਸਤਰ ਅਨੁਸਾਰ ਪਾਣੀ ਵਿੱਚ ਕਾਲੇ ਤਿਲ ਮਿਲਾ ਕੇ ਇਸ਼ਨਾਨ ਕਰਨ ਨਾਲ ਗਰੀਬੀ ਤੋਂ ਛੁਟਕਾਰਾ ਮਿਲਦਾ ਹੈ। ਇਸ ਤੋਂ ਇਲਾਵਾ ਪਾਣੀ 'ਚ ਸਫੈਦ ਤਿਲ ਮਿਲਾ ਕੇ ਇਸ਼ਨਾਨ ਕਰਨ ਨਾਲ ਘਰ 'ਚ ਖੁਸ਼ਹਾਲੀ ਅਤੇ ਸੁੱਖ-ਸ਼ਾਂਤੀ ਆਉਂਦੀਹੈ। ਪਰਿਵਾਰਕ ਮੈਂਬਰਾਂ ਦੇ ਨਾਲ ਸਬੰਧਾਂ ਵਿੱਚ ਮਿਠਾਸ ਬਣੀ ਰਹਿੰਦੀ ਹੈ।

ਨਹਾਉਣ ਵਾਲੇ ਪਾਣੀ ਵਿਚ ਕੇਸਰ ਅਤੇ ਇਲਾਇਚੀ ਮਿਲਾਓ

ਪਾਣੀ ਵਿਚ ਕੇਸਰ ਅਤੇ ਇਲਾਇਚੀ ਮਿਲਾ ਕੇ ਪਾਣੀ ਇਸ਼ਨਾਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ। ਧਾਰਮਿਕ ਮਾਨਤਾਵਾਂ ਅਨੁਸਾਰ ਅਜਿਹਾ ਕਰਨ ਨਾਲ ਮਾੜੇ ਦਿਨਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਚੰਗੇ ਦਿਨ ਸ਼ੁਰੂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

ਨਹਾਉਣ ਦੇ ਪਾਣੀ ਵਿੱਚ ਦੁੱਧ ਮਿਲਾਓ

ਜੋ ਲੋਕ ਵਾਰ-ਵਾਰ ਬੀਮਾਰ ਰਹਿੰਦੇ ਹਨ, ਉਨ੍ਹਾਂ ਨੂੰ ਰੋਜ਼ਾਨਾ ਪਾਣੀ ਵਿਚ ਦੁੱਧ ਮਿਲਾ ਕੇ ਇਸ਼ਨਾਨ ਕਰਨਾ ਚਾਹੀਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਇਸ ਦੇ ਨਾਲ ਹੀ ਪਾਣੀ ਵਿੱਚ ਥੋੜ੍ਹਾ ਜਿਹਾ ਘਿਓ ਮਿਲਾ ਕੇ ਇਸ਼ਨਾਨ ਕਰਨ ਨਾਲ ਬਿਮਾਰੀਆਂ ਤੋਂ ਵੀ ਛੁਟਕਾਰਾ ਮਿਲਦਾ ਹੈ। ਸਰੀਰ ਦੇ ਤੰਦਰੁਸਤ ਰਹਿਣ ਨਾਲ ਚਮੜੀ ਚਮਕਦਾਰ ਦਿਖਾਈ ਦਿੰਦੀ ਹੈ।

ਇਸ਼ਨਾਨ ਦੇ ਪਾਣੀ 'ਚ ਖੁਸ਼ਬੂਦਾਰ ਚੀਜ਼ਾਂ ਪਾਓ

ਗੁਲਾਬ ਜਲ, ਚੰਦਨ, ਅਤਰ ਆਦਿ ਨੂੰ ਪਾਣੀ ਵਿਚ ਮਿਲਾ ਕੇ ਇਸ਼ਨਾਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ। ਧਾਰਮਿਕ ਮਾਨਤਾਵਾਂ ਅਨੁਸਾਰ ਅਜਿਹਾ ਕਰਨ ਨਾਲ ਘਰ 'ਚ ਭੋਜਨ ਅਤੇ ਧਨ ਦੀ ਖੁਸ਼ਹਾਲੀ ਬਣੀ ਰਹਿੰਦੀ ਹੈ। ਇਸ ਨਾਲ ਕਰਜ਼ੇ ਤੋਂ ਛੁਟਕਾਰਾ ਪਾਉਣ ਵਿਚ ਮਦਦ ਮਿਲਦੀ ਹੈ।

ਨਦੀ 'ਚ ਇਸ਼ਨਾਨ ਕਰਦੇ ਸਮੇਂ ਕਰੋ ਇਹ ਕੰਮ

ਜੋਤਿਸ਼ ਅਤੇ ਵਾਸਤੂ ਅਨੁਸਾਰ ਇਸ਼ਨਾਨ ਕਰਦੇ ਸਮੇਂ ਭਜਨ, ਕੀਰਤਨ ਜਾਂ ਭਗਵਾਨ ਦਾ ਨਾਮ ਲੈਣਾ ਸ਼ੁਭ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਚੀਜ਼ਾਂ ਨੂੰ ਪਾਣੀ ਵਿੱਚ ਮਿਲਾ ਕੇ ਮੰਤਰਾਂ ਦਾ ਜਾਪ ਕਰਨ ਨਾਲ ਪੁੰਨ ਮਿਲਦਾ ਹੈ। ਇਸ ਦੇ ਨਾਲ ਹੀ ਨਦੀ ਜਾਂ ਤਾਲਾਬ ਵਿੱਚ ਇਸ਼ਨਾਨ ਕਰਨ ਤੋਂ ਪਹਿਲਾਂ ਪਾਣੀ ਉੱਤੇ 'ਓਮ' ਲਿਖ ਕੇ ਤੁਰੰਤ ਇਸ਼ਨਾਨ ਕਰਨ ਨਾਲ ਪੂਰਾ ਫਲ ਮਿਲਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਨਾਲ ਕੁੰਡਲੀ ਵਿਚਲੇ ਗ੍ਰਹਿ ਨੁਕਸ ਵੀ ਦੂਰ ਹੋ ਜਾਂਦੇ ਹਨ। ਇਸ ਦੇ ਨਾਲ ਹੀ ਮਨ ਵਿੱਚੋਂ ਨਕਾਰਾਤਮਕ ਵਿਚਾਰਾਂ ਤੋਂ ਛੁਟਕਾਰਾ ਮਿਲਦਾ ਹੈ।

# ਅੱਖਾਂ ਲਈ ਬੇਹੱਦ ਲਾਹੇਵੰਦ ਹੈ ਦੇਸੀ ਘਿਓ



ਕੁਝ ਲੋਕ ਫੈਟ ਦੇ ਡਰ ਨਾਲ ਤਾਂ ਕੁਝ ਮਹਿੰਗਾ ਹੋਣ ਦੀ ਵਜ੍ਹਾ ਨਾਲ ਦੇਸੀ ਘਿਓ ਦੀ ਵਰਤੋਂ ਨਹੀਂ ਕਰਦੇ ਹਨ ਪਰ ਅਜਿਹਾ ਕਰਨ ਨਾਲ ਤੁਸੀਂ ਆਪਣੀ ਸਿਹਤ ਦੇ ਨਾਲ ਖਿਲਵਾੜ ਕਰ ਰਹੇ ਹੋ। ਜੀ ਹਾਂ, ਦੇਸੀ ਘਿਓ ਦੀ ਵਰਤੋਂ ਬੱਚਿਆਂ ਤੋਂ ਵੱਡਿਆਂ ਤੱਕ ਸਭ ਦੇ ਲਈ ਜ਼ਰੂਰੀ ਵੀ ਹੈ ਅਤੇ ਫਾਇਦੇਮੰਦ ਵੀ। ਆਓ ਜਾਣਦੇ ਹਾਂ ਕਿੰਝ...

ਸ਼ੁੱਧ ਦੇਸੀ ਘਿਓ 'ਚ ਪਾਏ ਜਾਣ ਵਾਲੇ ਜ਼ਰੂਰੀ ਤੱਤ...

ਦੇਸੀ ਘਿਓ 'ਚ ਬਿਊਟੀਰਿਟ ਐਸਿਟ ਨਾਮਕ ਤੱਤ ਪਾਇਆ ਜਾਂਦਾ ਹੈ, ਜੋ ਢਿੱਡ ਦੀਆਂ ਅੰਤੜਿਆਂ ਨੂੰ ਜ਼ਰੂਰੀ ਪੋਸ਼ਣ ਦੇਣ ਦਾ ਕੰਮ ਕਰਦਾ ਹੈ। ਜਿਸ ਨਾਲ ਤੁਹਾਡਾ ਗੈਰ-ਸਿਹਤਮੰਦ ਪਾਚਨ ਦਰੁੱਸਤ ਹੁੰਦਾ ਹੈ। ਤੁਹਾਨੂੰ ਭੁੱਖ ਚੰਗੀ ਲੱਗਦੀ ਹੈ। ਖਾਸ ਤੌਰ 'ਤੇ ਜਿਨ੍ਹਾਂ ਬੱਚਿਆਂ ਦਾ ਭਾਰ ਅਤੇ ਹਾਈਟ ਨਹੀਂ ਵਧ ਰਹੀ ਉਨ੍ਹਾਂ ਦੇ ਲਈ ਦੇਸੀ ਘਿਓ ਦੀ ਵਰਤੋਂ ਬਹੁਤ ਲਾਭਦਾਇਦ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹੈਲਦੀ ਲੋਕ ਇਸ ਦੀ ਵਰਤੋਂ ਨਾ ਕਰੋ। ਕੁਝ ਲੋਕ ਭਾਰ ਵਧਣ ਦੇ ਡਰ ਨਾਲ ਦੇਸੀ ਘਿਓ ਦੀ ਵਰਤੋਂ ਨਹੀਂ ਕਰਦੇ, ਪਰ ਅਜਿਹਾ ਕਰਨ ਨਾਲ ਉਨ੍ਹਾਂ ਦੇ ਸਰੀਰ ਨੂੰ ਜ਼ਰੂਰੀ ਤੱਤ ਨਹੀਂ ਮਿਲ ਪਾਉਂਦੇ।ਦੇਸੀ ਘਿਓ ਨਾਲ ਮਾਲਿਸ਼

ਸਰਦੀਆਂ 'ਚ ਬੱਚਿਆਂ ਅਤੇ ਬਜ਼ੁਰਗਾਂ ਦੀ ਦੇਸੀ ਘਿਓ ਨਾਲ ਮਾਲਿਸ਼ ਜ਼ਰੂਰ ਕਰਨੀ ਚਾਹੀਦੀ। ਅਜਿਹਾ ਕਰਨ ਨਾਲ ਉਨ੍ਹਾਂ ਦੇ ਸਰੀਰ ਨੂੰ ਗਰਮਾਹਟ ਮਿਲਦੀ ਹੈ, ਜਿਸ ਨਾਲ ਉਨ੍ਹਾਂ ਨੂੰ ਠੰਡ ਦਾ ਅਹਿਸਾਸ ਨਹੀਂ ਹੁੰਦਾ ਹੈ। ਦੇਸੀ ਘਿਓ ਇਕ ਬਿਹਤਰੀਨ ਮਾਇਸਚੁਰਾਈਜ਼ਰ ਦਾ ਕੰਮ ਕਰਦਾ ਹੈ, ਜਿਸ ਨਾਲ ਤੁਹਾਡੀ ਸਕਿਨ ਕਾਫੀ ਲੰਬੇ ਸਮੇਂ ਸਾਫਟ ਐਂਡ ਹੈਲਦੀ ਰਹਿੰਦੀ ਹੈ। ਵਾਲਾਂ ਲਈ ਵੀ ਦੇਸੀ ਘਿਓ ਬਹੁਤ ਲਾਭਦਾਇਕ ਹੈ, ਹਫਤੇ 'ਚ ਇਕ ਵਾਰ ਦੇਸੀ ਘਿਓ ਨਾਲ ਵਾਲਾਂ ਦੀ ਮਾਲਿਸ਼ ਕਰਨ ਨਾਲ ਤੁਹਾਡੇ ਵਾਲ ਲੰਬੇ ਸਮੇਂ ਤੱਕ ਕਾਲੇ ਅਤੇ ਸੰਘਣੇ ਬਣੇ ਰਹਿੰਦੇ ਹਨ।

ਨੀਂਦ ਦੀ ਸਮੱਸਿਆ - ਜਿਨ੍ਹਾਂ ਲੋਕਾਂ ਨੂੰ ਰਾਤ ਦੇ ਸਮੇਂ ਨੀਂਦ ਨਹੀਂ ਆਉਂਦੀ,ਉਨ੍ਹਾਂ ਨੂੰ 1 ਗਲਾਸ ਦੁੱਧ 'ਚ ਅੱਧਾ ਚਮਚਾ ਦੇਸੀ ਘਿਓ ਦਾ ਪਾ ਕੇ ਪੀਣਾ ਚਾਹੀਦਾ। ਇਸ ਨਾਲ ਨੀਂਦ ਨਾ ਆਉਣ ਦੀ ਸਮੱਸਿਆ ਬਹੁਤ ਛੇਤੀ ਠੀਕ ਹੋਵੇਗੀ।

ਅੱਖਾਂ ਲਈ ਫਾਇਦੇਮੰਦ- ਦੇਸੀ ਘਿਓ ਦੀ ਵਰਤੋਂ ਅੱਖਾਂ ਲਈ ਬਹੁਤ ਜ਼ਰੂਰੀ ਹੈ। ਇਸ 'ਚ ਮੌਜੂਦ ਜ਼ਰੂਰੀ ਤੱਤ ਅੱਖਾਂ ਦੀ ਹਰ ਸਮੱਸਿਆ ਤੋਂ ਤੁਹਾਨੂੰ ਬਚਾ ਕੇ ਰੱਖਦਾ ਹੈ। ਰੋਜ਼ਾਨਾ ਦੇਸੀ ਘਿਓ ਖਾਣ ਨਾਲ ਅੱਖਾਂ ਦਾ ਭਾਰੀਪਣ, ਸੜਨ ਅਤੇ ਕਮਜ਼ੋਰੀ ਦੀ ਸਮੱਸਿਆ ਨਹੀਂ ਹੁੰਦੀ ਹੈ।

ਖੂਨ ਦੀ ਸਫਾਈ- ਤੰਦਰੁਸਤ ਸਰੀਰ ਲਈ ਸਿਰਫ ਖੂਨ ਦੀ ਹੀ ਲੋੜ ਨਹੀਂ ਹੁੰਦੀ, ਸਗੋਂ ਖੂਨ ਦਾ ਸਾਫ ਹੋਣਾ ਵੀ ਜ਼ਰੂਰੀ ਹੈ। ਸ਼ੁੱਧ ਦੇਸੀ ਘਿਓ ਦੀ ਵਰਤੋਂ ਖੂਨ ਨੂੰ ਸਾਫ ਕਰਨ 'ਚ ਮਦਦਗਾਰ ਹੈ।

ਮਾਈਗ੍ਰੇਨ ਅਤੇ ਸਿਰ ਦਰਦ

ਹਰ ਰੋਜ਼ ਨੱਕ 'ਚ 2 ਬੂੰਦ ਗਾਂ ਦਾ ਦੇਸੀ ਘਿਓ ਪਾਉਣ ਨਾਲ ਸਫੈਦ ਵਾਲ, ਵਾਲ ਡਿੱਗਣ ਦੀ ਸਮੱਸਿਆ, ਮਾਈਗ੍ਰੇਨ, ਸਿਰ 'ਚ ਦਰਦ, ਟਿਨੀਟਿਸ, ਸੁਣਨ ਦੀ ਸਮੱਸਿਆ, ਯਾਦਾਸ਼ਤ ਅਤੇ ਏਕਾਗਰਤਾ ਵਰਗੀਆਂ ਸਮੱਸਿਆਵਾਂ ਦਾ ਹੱਲ ਹੁੰਦਾ ਹੈ।

ਗਰਭਅਵਸਥਾ

ਜੋ ਔਰਤਾਂ ਗਰਭਅਵਸਥਾ ਦੇ ਦੌਰਾਨ ਦੇਸੀ ਘਿਓ ਦੀ ਵਰਤੋਂ ਕਰਦੀਆਂ ਹਨ, ਉਨ੍ਹਾਂ ਦਾ ਹੋਣ ਵਾਲਾ ਬੱਚਾ ਬਿਲਕੁੱਲ ਹੈਲਦੀ ਪੈਦਾ ਹੁੰਦਾ ਹੈ। ਨਾਲ ਹੀ ਡਿਲਿਵਰੀ ਦੇ ਬਾਅਦ ਰਿਕਵਰੀ ਕਰਨ 'ਚ ਵੀ ਦੇਸੀ ਘਿਓ ਤੁਹਾਡੀ ਬਹੁਤ ਮਦਦ ਕਰਦਾ ਹੈ।

ਹੱਡੀਆਂ ਲਈ ਲਾਭਦਾਇਕ

ਜੋ ਲੋਕ ਰੋਜ਼ਾਨਾ ਦੇਸੀ ਘਿਓ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੀਆਂ ਹੱਡੀਆਂ ਅੰਦਰੂਨੀ ਤੌਰ 'ਤੇ ਮਜ਼ਬੂਤ ਬਣਦੀਆਂ ਹਨ। ਖਾਸ ਤੌਰ 'ਤੇ ਮਹਿਲਾਵਾਂ ਲਈ ਦੇਸੀ ਘਿਓ ਦੀ ਵਰਤੋਂ ਬਹੁਤ ਜ਼ਰੂਰੀ ਹੈ, 40 ਤੋਂ ਬਾਅਦ ਹਮੇਸ਼ਾ ਔਰਤਾਂ ਦੀਆਂ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ, ਪਰ ਦੇਸੀ ਘਿਓ ਤੁਹਾਨੂੰ ਹੋਣ ਵਾਲੀ ਇਸ ਪ੍ਰੇਸ਼ਾਨੀ ਤੋਂ ਬਚਾ ਕੇ ਰੱਖਦਾ ਹੈ।





# ਰਾਘਵ ਤੇ ਪਰਿਨੀਤੀ ਵਿਆਹ ਦੇ ਬੰਧਨ ਵਿੱਚ ਬੱਝੇ



'ਆਪ' ਆਗੂ ਰਾਘਵ ਚੱਢਾ ਤੇ ਬੌਲੀਵੁਡ ਅਦਾਕਾਰਾ ਪਰਿਨੀਤੀ ਚੋਪੜਾ ਅੱਜ ਵਿਆਹ ਦੇ ਬੰਧਨ 'ਚ ਬੱਝ ਗਏ ਹਨ। ਇਸ ਜੋੜੀ ਨੇ ਅੱਜ ਸ਼ਾਮੀਂ ਸਾਢੇ ਚਾਰ ਵਜੇ ਫੇਰੇ ਲਏ ਤੇ ਇੱਕ-ਦੂਜੇ ਨਾਲ ਸਾਥ ਨਿਭਾਉਣ ਦਾ ਪ੍ਰਣ ਲਿਆ। ਰਾਘਵ ਕਿਸ਼ਤੀ ਵਿੱਚ ਬਰਾਤ ਲੈ ਕੇ ਵਿਆਹ ਵਾਲੇ ਸਥਾਨ 'ਤੇ ਪੁੱਜੇ। ਬਰਾਤ ਵਿੱਚ ਰਾਘਵ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹੋਰ ਸਿਆਸੀ ਆਗੂ ਮੌਜੂਦ ਸਨ। ਅਰਵਿੰਦ ਕੇਜਰੀਵਾਲ ਸਾਫਾ ਬੰਨ੍ਹ ਕੇ ਬਰਾਤ ਚੜ੍ਹੇ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਰਾਘਵ ਦਾ ਪਰਿਵਾਰ ਉਦੈਪੁਰ ਦੇ ਤਾਜ ਲੇਕ ਪੈਲੇਸ ਤੋਂ ਦਿ ਲੀਲਾ ਪੈਲੇਸ ਤੱਕ ਕਿਸ਼ਤੀ ਦੀ ਸਵਾਰੀ ਕਰਦਾ ਦਿਖਾਈ ਦੇ ਰਿਹਾ ਹੈ। ਇਹ ਕਿਸ਼ਤੀ ਸਾਰੇ ਪਾਸਿਉਂ ਪਰਦਿਆਂ ਨਾਲ ਢਕੀ ਹੋਈ ਸੀ। ਜਦੋਂ ਰਾਘਵ ਬਰਾਤ ਲੈ ਕੇ ਹੋਟਲ ਪੁੱਜਿਆ ਤਾਂ ਉਸ ਨੂੰ ਛਤਰੀਆਂ ਨਾਲ ਢਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਕਿ ਕੋਈ ਵੀ ਉਸ ਦੀ ਤਸਵੀਰ ਨਾ ਖਿੱਚ ਸਕੇ ਪਰ ਤਸਵੀਰਾਂ ਵਿਚ ਪਤਾ ਲੱਗਿਆ ਕਿ ਉਸ ਨੇ ਕਰੀਮ ਰੰਗ ਦੀ ਸ਼ੇਰਵਾਨੀ ਪਾਈ ਹੋਈ ਸੀ। ਰਾਘਵ ਦੇ ਰਿਸ਼ਤੇਦਾਰ ਤੇ ਮਹਿਮਾਨ ਵੀ ਕਿਸ਼ਤੀਆਂ ਰਾਹੀਂ ਵਿਆਹ ਵਾਲੀ ਥਾਂ ਪੁੱਜੇ। ਪਰਿਨੀਤੀ ਦੇ ਪਰਿਵਾਰ ਨੇ ਬਰਾਤ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਦੌਰਾਨ ਫੈਸ਼ਨ ਡਿਜ਼ਾਈਨਰ ਮਨੀਸ਼ ਮਲਹੋਤਰਾ, ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਆਗੂ ਆਦਿੱਤਿਆ ਠਾਕਰੇ, ਸਾਬਕਾ ਟੈਨਿਸ ਖਿਡਾਰਨ ਤੇ ਪਰਿਨੀਤੀ ਦੀ ਦੋਸਤ ਸਾਨੀਆ ਮਿਰਜ਼ਾ ਤੇ ਉਸ ਦੀ ਭੈਣ, ਹਰਭਜਨ ਸਿੰਘ ਤੇ ਉਸ ਦੀ ਪਤਨੀ ਗੀਤਾ ਬਸਰਾ ਨੇ ਵਿਆਹ ਸਮਾਗਮ ਵਿੱਚ ਸ਼ਿਰਕਤ ਕੀਤੀ।

# ਧਰਮਿੰਦਰ ਨੇ ਅਮਰੀਕਾ ਦੌਰੇ ਲਈ ਪੁੱਤਰ ਸੰਨੀ ਦਿਓਲ ਦਾ ਕੀਤਾ ਧੰਨਵਾਦ



ਧਰਮਿੰਦਰ ਨੇ ਐਤਵਾਰ ਨੂੰ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਪੁੱਤਰ ਸੰਨੀ ਦਿਓਲ ਨਾਲ ਇਕ ਵੀਡੀਓ ਸਾਂਝੀ ਕੀਤੀ। ਵੀਡੀਓ 'ਚ ਧਰਮਿੰਦਰ ਸੰਨੀ ਦਾ ਵਾਰ-ਵਾਰ ਧੰਨਵਾਦ ਕਰਦੇ ਨਜ਼ਰ ਆ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਸੰਨੀ ਹਾਲ ਹੀ 'ਚ ਆਪਣੀ ਮਾਂ ਪ੍ਰਕਾਸ਼ ਕੌਰ ਤੇ ਪਿਤਾ ਧਰਮਿੰਦਰ ਨਾਲ ਅਮਰੀਕਾ ਦੀਆਂ ਛੁੱਟੀਆਂ 'ਤੇ ਗਏ ਸਨ, ਜਿਥੇ ਸੰਨੀ ਆਪਣੇ ਮਾਤਾ-ਪਿਤਾ ਨਾਲ ਕੁਆਲਿਟੀ ਟਾਈਮ ਬਤੀਤ ਕਰ ਰਹੇ ਸਨ।

ਵੀਡੀਓ 'ਚ ਧਰਮਿੰਦਰ ਕਹਿੰਦੇ ਹਨ, "ਸੰਨੀ ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਮੈਂ ਤੁਹਾਡੇ ਨਾਲ ਯਾਤਰਾ ਦਾ ਸੱਚਮੁੱਚ ਆਨੰਦ ਲਿਆ। ਸੰਨੀ ਤੈਨੂੰ ਬਹੁਤ ਪਿਆਰ ਕਰਦਾ ਹਾਂ। ਆਪਣਾ ਖਿਆਲ ਰੱਖੋ, ਤੁਹਾਡੀ ਜ਼ਿੰਦਗੀ 'ਚ ਕਈ ਚੰਗੇ ਦਿਨ ਆਉਣ ਵਾਲੇ ਹਨ।"

ਇਸ ਦੇ ਜਵਾਬ 'ਚ ਸੰਨੀ ਨੇ ਕਿਹਾ, "ਮੈਂ ਪਾਪਾ ਨੂੰ ਪਿਆਰ ਕਰਦਾ ਹਾਂ, ਧੰਨਵਾਦ।" ਵੀਡੀਓ ਸਾਂਝੀ ਕਰਦਿਆਂ ਧਰਮਿੰਦਰ ਨੇ ਲਿਖਿਆ, "ਦੋਸਤੋ, ਦਿਲ ਤੋਂ ਪਿਆਰ, ਦੁਆਵਾਂ, ਖ਼ੁਸ਼ ਰਹੋ, ਸਿਹਤਮੰਦ ਰਹੋ।"

ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਧਰਮਿੰਦਰ ਨੇ ਟਵਿਟਰ 'ਤੇ ਸੰਨੀ ਲਈ ਇਕ ਬਹੁਤ ਹੀ ਭਾਵੁਕ ਨੋਟ ਸਾਂਝਾ ਕੀਤਾ ਸੀ। ਉਨ੍ਹਾਂ ਲਿਖਿਆ, "ਦੋਸਤੋ ਉਹ ਪਿਤਾ ਖ਼ੁਸ਼ਕਿਸਮਤ ਹੈ, ਜਿਸ ਦਾ ਪੁੱਤਰ ਕਦੇ-ਕਦੇ ਪਿਤਾ ਬਣ ਜਾਂਦਾ ਹੈ ਤੇ ਉਸ ਨੂੰ ਬੱਚੇ ਵਾਂਗ ਪਾਲਦਾ ਹੈ। ਸੰਨੀ ਮੈਨੂੰ ਅਮਰੀਕਾ ਲੈ ਆਇਆ। 'ਗਦਰ 2' ਨੂੰ ਸਫਲ ਤੇ ਬਲਾਕਬਸਟਰ ਬਣਾਉਣ ਲਈ ਤੁਹਾਡੇ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।"

# ਕੈਮਰਾ ਨਿਰਾਸ਼ਾ ਬਾਹਰ ਕੱਢਣ ਦਾ ਸਭ ਤੋਂ ਵਧੀਆ ਜ਼ਰੀਆ: ਨਾਨਾ ਪਾਟੇਕਰ

ਫ਼ਿਲਮ 'ਦਿ ਵੈਕਸੀਨ ਵਾਰ' ਵਿੱਚ ਨਜ਼ਰ ਆਉਣ ਵਾਲੇ ਅਦਾਕਾਰ ਨਾਨਾ ਪਾਟੇਕਰ ਦਾ ਕਹਿਣਾ ਹੈ ਕਿ ਅਦਾਕਾਰ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਕੈਮਰੇ ਮੂਹਰੇ ਗੱਲਬਾਤ ਕਰਕੇ ਆਪਣੀ ਨਿਰਾਸ਼ਾ ਬਾਹਰ ਨਿਕਲ ਜਾਂਦੀ ਹੈ। ਰਾਜਧਾਨੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ' ਅਭਿਨੇਤਾ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਸਾਡੇ ਕੋਲ ਕੈਮਰੇ ਦੀ ਮਦਦ ਨਾਲ ਆਪਣੀ ਨਿਰਾਸ਼ਾ ਨੂੰ ਬਾਹਰ ਕੱਢਣ ਦਾ ਸਭ ਤੋਂ ਵਧੀਆ ਸਾਧਨ ਹੈ। ਜੇ ਮੇਰੇ ਕੋਲ ਇਹ ਮਾਧਿਅਮ ਨਾ ਹੁੰਦਾ, ਤਾਂ ਮੈਂ ਪਾਗਲ ਹੋ ਜਾਂਦਾ। ਵੈਸੇ ਵੀ ਮੈਨੂੰ ਪਾਗਲ ਕਿਹਾ ਜਾਂਦਾ ਹੈ ਪਰ ਇਹ ਸਾਡੇ ਲਈ ਬਹੁਤ ਵੱਡਾ ਸਾਧਨ ਹੈ।" ਇਸ ਮੌਕੇ ਅਦਾਕਾਰ ਨਾਲ ਦੱਖਣ ਦੀਆਂ ਫਿਲਮਾਂ ਵਿੱਚ ਕੰਮ ਕਰਨ ਬਾਰੇ ਵੀ ਗੱਲਬਾਤ ਕੀਤੀ ਗਈ। ਨਿਰਮਾਤਾ ਵਿਵੇਕ ਰੰਜਨ ਅਗਨੀਹੋਤਰੀ ਵੱਲੋਂ ਬਣਾਈ ਫ਼ਿਲਮ 'ਦਿ ਵੈਕਸੀਨ ਵਾਰ' ਨੂੰ ਭਾਰਤ ਦੀ ਪਹਿਲੀ ਬਾਇਓ-ਸਾਇੰਸ ਫਿਲਮ ਵਜੋਂ ਜਾਣਿਆ ਜਾਂਦਾ ਹੈ। ਇਹ ਫ਼ਿਲਮ ਉਨ੍ਹਾਂ ਮਾਹਿਰ ਵਿਗਿਆਨੀਆਂ ਬਾਰੇ ਗੱਲ ਕਰਦੀ ਹੈ, ਜਿਨ੍ਹਾਂ ਨੇ ਸਵਦੇਸ਼ੀ ਬੀਬੀਵੀ152 ਵੈਕਸੀਨ, ਜਿਸ ਨੂੰ ਆਮ ਤੌਰ 'ਤੇ ਕੋਵੈਕਸਿਨ ਵਜੋਂ ਜਾਣਿਆ ਜਾਂਦਾ ਹੈ, ਨੂੰ ਵਿਕਸਤ ਕੀਤਾ ਹੈ। ਫ਼ਿਲਮ ਵਿੱਚ ਪੱਲਵੀ ਜੋਸ਼ੀ, ਅਨੁਪਮ ਖੇਰ, ਰਾਇਮਾ ਸੇਨ ਅਤੇ ਸਪਤਾਮੀ ਗੌੜਾ ਵੀ ਹਨ। ਇਹ ਫਿਲਮ 28 ਸਤੰਬਰ ਨੂੰ 10 ਵੱਖ-ਵੱਖ ਭਾਸ਼ਾਵਾਂ ਵਿੱਚ ਰਿਲੀਜ਼ ਹੋਵੇਗੀ।



# ਨੋਰਾ ਨੇ ਫ਼ਿਲਮ 'ਕਰੈਕ-ਜੀਤੇਗਾ ਤੋ ਜੀਏਗਾ' ਦੀ ਸ਼ੂਟਿੰਗ ਆਰੰਭੀ

ਅਦਾਕਾਰਾ ਨੋਰਾ ਫਤੇਹੀ ਇਸ ਸਮੇਂ ਅਜ਼ਰਬਾਇਜਾਨ ਵਿੱਚ ਆਪਣੀ ਆਉਣ ਵਾਲੀ ਫ਼ਿਲਮ 'ਕਰੈਕ-ਜੀਤੇਗਾ ਤੋ ਜੀਏਗਾ' ਦੀ ਸ਼ੂਟਿੰਗ ਅਦਾਕਾਰ ਵਿਦਯੁਤ ਜਾਮਵਾਲ ਨਾਲ ਕਰ ਰਹੀ ਹੈ। ਨੋਰਾ ਨੇ ਆਪਣੇ ਇੰਸਟਾਗ੍ਰਾਮ 'ਤੇ ਸ਼ੂਟਿੰਗ ਦੀਆਂ ਕੁਝ ਝਲਕੀਆਂ ਸਾਂਝੀਆਂ ਕੀਤੀਆਂ ਹਨ। ਇੱਕ ਵੀਡੀਓ ਵਿੱਚ ਨੋਰਾ ਇਹ ਕਹਿੰਦੀ ਸੁਣਾਈ ਦੇ ਰਹੀ ਹੈ, 'ਬਾਕੂ ਵਿੱਚ ਸ਼ੂਟਿੰਗ ਦਾ ਪਹਿਲਾ ਦਿਨ। ਇਹ ਰਾਤ ਦੀ ਸ਼ੂਟਿੰਗ ਹੈ ਅਤੇ ਬਾਕੂ ਬਹੁਤ ਪਿਆਰਾ ਲੱਗ ਰਿਹਾ ਹੈ। ਇਹ ਇੱਕ ਸੁੰਦਰ ਸ਼ਾਂਤ ਥਾਂ ਹੈ। ਅਸੀਂ ਬਿਨਾਂ ਕਿਸੇ ਸਮੱਸਿਆ ਦੇ ਇਸ ਨੂੰ ਵੱਧ ਤੋਂ ਵੱਧ ਵਲੌਗ ਕਰਨ ਜਾ ਰਹੇ ਹਾਂ।' ਦੂਜੇ ਕਲਿੱਪ ਵਿੱਚ, ਅਭਿਨੇਤਰੀ ਇੱਕ ਕੈਫੇ ਵਿੱਚ ਬੈਠੀ ਇੱਕ ਸਹਿਕਰਮੀ ਨਾਲ 'ਬਲੈਕ ਟੀ' ਪੀਂਦੀ ਦਿਖਾਈ ਦੇ ਰਹੀ ਹੈ। ਅਦਾਕਾਰਾ ਨੇ ਆਖਿਆ, "ਅਸੀਂ ਚਾਹ ਪੀ ਰਹੇ ਹਾਂ ਅਤੇ ਹੁਣੇ-ਹੁਣੇ ਸੈੱਟ ਤੋਂ ਭੱਜ ਕੇ ਆਏ ਹਾਂ। ਉਮੀਦ ਹੈ ਕਿ ਕੋਈ ਸਾਡੀ ਉਡੀਕ ਨਹੀਂ ਕਰ ਰਿਹਾ ਹੋਵੇਗਾ। ਇੱਕ ਹੋਰ ਕਲਿੱਪ ਵਿੱਚ ਉਸ ਨੇ ਆਪਣੇ ਸ਼ੂਟਿੰਗ ਦੇ ਪ੍ਰੋਗਰਾਮ ਬਾਰੇ ਗੱਲਬਾਤ ਕਰਦਿਆਂ ਕਿਹਾ, 'ਮੈਂ ਇਸ ਨੂੰ ਦਸਤਾਵੇਜ਼ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ। ਫ਼ਿਲਮ 'ਕਰਕ-ਜੀਤੇਗਾ ਤੋ ਜੀਏਗਾ' ਦਾ ਨਿਰਦੇਸ਼ਨ ਆਦਿਤਿਆ ਦੱਤ ਵੱਲੋਂ ਕੀਤਾ ਜਾ ਰਿਹਾ ਹੈ। ਇਸ ਦੀ ਕਹਾਣੀ ਦੋ ਭਰਾਵਾਂ 'ਤੇ ਅਧਾਰਿਤ ਹੈ, ਜੋ ਜਿੱਤਣ ਲਈ ਖਤਰਨਾਕ ਸਟੰਟ ਕਰਦੇ ਹਨ।




TOWN OF HEMPSTEAD, N.Y.
LONG ISLAND PUBLIC AFFAIR COMMUNITY
LIPAC
Supervisor Don Clavin,
the Hempstead Town Board,
the Department of Community Affairs & LIPAC
invite you to celebrate
Diwali
Festival
KAJAL GILL
SHILPI PAUL
Bollywood Singer
SUNNY GILL
SHWETA VASUDEVA
Dance Music
LIVE BAND
Sunday, October 1st • 12:30 p.m. to 6:30 p.m.
Town of Hempstead Parking Lot
One Washington Street, Hempstead
Artists, Music, Culture, Food, Jewelry, Clothes Stall, Raffle Tickets and much more
For more information:
Sudheer Kumar (516) 852-0276 • Micky Chadha (516) 945-4475
Rupal Sehgal (516) 835-6000 • Zahid Syed or Aman Thind (516) 812-3009
Don Clavin
Supervisor
Council Members
Dorothy L. Goosby • Dennis Dunne, Sr.
Thomas E. Muscarella • Christopher Carini
Melissa Miller • Laura A. Ryder
Kate Murray
Town Clerk
Jeanine C. Driscoll
Receiver of Taxes